ਮਾਸਕ ੴ ਪੱਤਰ


ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

## ਗੁਰਦੁਆਰਾ ਨਾਨਕ ਝੀਰਾ (ਬਿਦਰ)

OCT 1988



ਅਕਤੂਬਰ ੧੯੮੮

*1984* ਦੇ ਭਿਆਨਕ ਦੰਗਿਆਂ ਵਾਂਗ, ਹੁਣ ਬਿਦਰ ਵਿਚ ਵਰਤੀ ਦਰਦ-ਕਹਾਣੀ ਅੰਦਰ ਪੜ੍ਹੋ

www.AKJ.org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ 3/70-68-4 (ਅ.ਪ.) ਮਿਤੀ 17.10.68 ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਪੰਥ ਦੀ ਚੜ੍ਹਦੀ ਕਲਾ ਕਦ ਹੋਵੇਗੀ ? | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| 'ਸੁਣਿਐ' ਤੇ 'ਮੰਨੇ' ਦੀਆਂ ਪਉੜੀਆਂ ਦਾ ਟੀਕਾ ਤੇ ਟਿਪਣੀ (੪) | ੪ | ,, ,, ,, |
| ਪਰਉਪਕਾਰ ਨਿਤ ਚਿਤਵਤੇ | ੧੧ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਖਾਲਸਈ ਬੋਲੇ | ੧੪ | ਪ੍ਰੋਫੈਸਰ ਹਰਨਾਮ ਸਿੰਘ ਜੀ |
| ਸ੍ਰੀ ਅਕਾਲ ਤਖਤ ਸਾਹਿਬ ਤੇ ਨਿਹੰਗ ਸਿੰਘਾਂ ਦੀ ਬੁਰਛਾ ਗਰਦੀ | ੧੬ | ਭਾਈ ਨਰੈਣ ਸਿੰਘ ਜੀ ਐੱਮ.ਏ. |
| 'ਵਾਰ ਮਾਝ' ਤੇ ਪਤ ਦਾ ਜੀਵਨ | ੧੮ | ਡਾਕਟ੍ਰ ਤਾਰਨ ਸਿੰਘ ਜੀ |
| ਕੋਟਿ ਬ੍ਰਹਿਮੰਡ ਕੋ ਠਾਕੁਰੁ ਸੁਆਮੀ | ੧੯ | ਸੂਰਾ ਪਰਵਾਰ |
| ਇਹ ਲੰਮੇ ਕੇਸਾਂ ਵਾਲੇ ਕੌਣ ਹਨ ? | ੨੪ | ਗਿਆਨੀ ਗਿਆਨ ਸਿੰਘ ਜੀ |
| 'ਸਿੱਖੀ' ਪਰਮ ਪਰਮਾਤਮਾ ਦਾ ਪ੍ਰਚੰਡ ਪ੍ਰਕਾਸ਼ | ੨੫ | ਪ੍ਰਿੰਸੀਪਲ ਨਾਹਰ ਸਿੰਘ ਜੀ |
| ਸਿਖ ਬੀਬੀਆਂ ਦਾ ਪਹਿਰਾਵਾ | ੨੭ | ਸ੍ਰੀ ਗੁਰੂ ਨਾਨਕ ਦੇਵ ਮਿਸ਼ਨ |
| ਅੰਮ੍ਰਿਤਧਾਰੀ ਸਿੰਘਾਂ ਲਈ ਗੁਰਮਤਿ ਸੇਧਾਂ | ੩੧ | ਜਥੇਦਾਰ ਅਖੰਡ ਕੀਰਤਨੀ ਜਥਾ |
| ਰੱਬ ਤੇ ਸਾਇੰਸਦਾਨ (ਕਵਿਤਾ) | ੩੨ | ਸ: ਅਤਰ ਸਿੰਘ ਜੀ ਨੀਰ |
| ਇਕੋ ਮੇਰਾ ਵਾਹਿਗੁਰੂ ( ,, ) | ੩੩ | ,, ,, |
| ਵਾਹਿਗੁਰੂ ਬੇਅੰਤ ( ,, ) | ੩੩ | ,, ,, |
| ਸਿੱਖਾ ! ਜ਼ਰਾ ਕੁ ਝਾਤੀ ਮਾਰ (ਕਵਿਤਾ) | ੩੪ | ਗਿ: ਗੋਪਾਲ ਸਿੰਘ ਜੀ ਮਿਤਰ |
| ਪੂਜਾ ਦਾ ਧਾਨ | ੩੫ | ਪ੍ਰਿੰਸੀਪਲ ਹਰਿਭਜਨ ਸਿੰਘ ਜੀ |
| ਬਿਦਰ ਵਿਚ ਵਰਤੀ ਦਰਦ-ਕਹਾਣੀ | ੩੭ | ਰੋਜ਼ਾਨਾ ਅਜੀਤ |


ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤਿ — ੫ ਅਕਤੂਬਰ
ਸ੍ਰੀ ਗੁਰੂ ਰਾਮਦਾਸ ਜੀ ਅਵਤਾਰ ਧਾਰਿਆ — ੨੬ ਅਕਤੂਬਰ

## ਸੂਰਾ ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਲੈ/ਕਮਾਂਡਰ ਐਸ ਐਸ ਗੋਇੰਦੀ ਮੁਹਾਲੀ | ਭੂਆ ਰਵੇਲ ਕੌਰ ਦੇ ਭੋਗ ਸਮੇਂ | 177-00 |
| ਭਾ: ਮੱਸਾ ਸਿੰਘ ਨਾਰਵੇ | ਸੂਰਾ ਦੀ ਚੜ੍ਹਦੀ ਕਲਾ ਲਈ | 242-00 |
| ਸ: ਮੁਖਤਿਆਰ ਸਿੰਘ ਬ੍ਰਿਸਟਲ ਯੂ. ਕੇ. | ਭੁਜੰਗੀ ਕੰਵਲਜੀਤ ਸਿੰਘ ਦੇ ਆਨੰਦ ਦੀ ਖੁਸ਼ੀ ਵਿਚ | 250-00 |
| ਸ: ਇੰਦਰਜੀਤ ਸਿੰਘ ਮੁਹਾਲੀ | ਸੂਰਾ ਦੀ ਚੜ੍ਹਦੀ ਕਲਾ ਲਈ | 50-00 |
| ਸ੍ਰੀਮਤੀ ਆਰ.ਕੇ. ਔਲਖ ਚੰਡੀਗੜ੍ਹ | ਪੋਤਰੇ ਗੁਰਮੀਤ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿਚ | 100-00 |


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੧੦-੮੮ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ : 51847 ਘਰ : 43094


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ~ ਸ੍ਰੀ ਅੰਮ੍ਰਿਤਸਰ ~ ਪੱਤਰ

ਸਾਲਾਨਾ ਚੰਦਾ
ਦੇਸ ੧੫-੦੦
ਇਕ ਪਰਚਾ ੧-੫੦
ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ
ਸਮੁੰਦਰੀ ਡਾਕ ੪੦-੦੦
ਹਵਾਈ ਡਾਕ ੧੦੦-੦੦
Foreign Subscription
Sea Mail 40-00
Air Mail 100-00
ਅਮਾਨਤੀ
ਲਾਈਫ਼ ਮੈਂਬਰ
ਦੇਸ ੧੫੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੨ ਅਕਤੂਬਰ ੧੯੮੮ ਅੰਕ ੧੦

## ਪੰਥ ਦੀ ਚੜ੍ਹਦੀ ਕਲਾ ਕਦੋਂ ਹੋਣੀ ਹੈ ?

ਗੁਰੂ ਨੇ ਆਪਣੇ ਪੰਥ ਦੀ ਚੜ੍ਹਦੀ ਕਲਾ ਜ਼ਰੂਰ ਰਖਣੀ ਹੈ, ਅਰ "ਨਾਨਕ ਨਾਮ ਚੜ੍ਹਦੀ ਕਲਾ" ਵਾਲਾ ਹੁਲਾਰਾ ਜਦੋਂ ਕਦੀ ਵਜਿਆ ਹੈ ਅਤੇ ਵਜਣਾ ਹੈ ਤਾਂ ਨਾਮ ਬਾਣੀ ਦੀਆਂ ਅਤੁੱਟ ਕਮਾਈਆਂ ਦੁਆਰਾ ਹੀ ਵਜਿਆ ਹੈ ਤੇ ਵਜਣਾ ਹੈ। ਨਾਮ ਦੁਆਰਾ ਹੀ ਚੜ੍ਹਦੀ ਕਲਾ ਹੈ। ਨਾਮ-ਕਮਾਈਆਂ ਦੁਆਰਾ ਪਹਿਲਾਂ ਚੜ੍ਹਦੀ ਕਲਾ ਵਾਲੇ ਜੋਤਿ-ਜੀਵਨ ਪੈਦਾ ਹੋਣੇ ਹਨ, ਫਿਰ ਓਹਨਾਂ ਚੜ੍ਹਦੀ ਕਲਾ ਵਾਲੇ ਜੋਤਿ-ਜੀਵਨੀ-ਖਾਲਸ ਜਨਾਂ ਦੇ ਸਮੁਦਾਇ ਦੁਆਰਾ ਸਰਬੱਤ ਦਾ ਭਲਾ ਹੋਣਾ ਹੈ। ਨਵੀਆਂ ਰੂਹਾਂ ਭੀ ਪੈਦਾ ਹੋਣਗੀਆਂ ਅਤੇ ਪੁਰਾਣੀਆਂ ਰੂਹਾਂ ਸੁਰਜੀਤ ਹੋ ਕੇ ਜਦੋਂ ਨਵ-ਜੀਵਨੀ ਰੂਹਾਂ ਹੋ ਜਾਣਗੀਆਂ ਤਾਂ ਓਹ ਭੀ ਆਉਣ ਵਾਲੀ, ਸਰਬੱਤ ਦੇ ਭਲੇ ਵਾਲੀ ਸਾਂਝੀ-ਵਾਲਤਾ ਵਿਚ ਭਾਈਵਾਲ ਹੋਣਗੀਆਂ। ਪਿਛੇ ਭੀ ਜੋ ਕਲਾ ਵਰਤੀ, ਉਹ ਨਾਮ ਕਮਾਈ ਵਾਲਿਆਂ ਦੀ ਬਰਕਤ ਸੀ। .....

ਐ ਪੰਥ ਭੂਸ਼ਨੋ ! ਅਤੇ ਪੰਥ ਮੁਖੀਓ ਤੇ ਪੰਥ ਪ੍ਰਸਿਧ ਸੇਵਕ ਜਨੋ ! ਤੁਸਾਡੀਆਂ ਸਾਰੀਆਂ ਕੀਤੀਆਂ ਖਿਦਮਤਾਂ ਅਤੇ ਕੁਰਬਾਨੀਆਂ ਦੇ ਸਿਰ ਕੁਰਬਾਨੀ ਤੁਸਾਡੀ ਇਹ ਹੋਵੇਗੀ, ਜੋ ਅੱਜ ਤੁਸੀਂ ਆਪੋ ਆਪਣੀਆਂ ਮਨ ਦੀਆਂ ਮਤਸਰਾਂ ਛਡਣ ਦੇ ਰਾਹ ਪੈ ਜਾਵੋਗੇ ਅਤੇ ਧੜੇਬੰਦੀਆਂ ਤੇ ਚੌਧਰਾਂ ਦੇ ਕੁਚੱਸਕੇ ਨੂੰ ਛਡਦੇ ਹੋਏ ਇਕ ਦੂਜੇ ਦੇ ਗੁਣ-ਗ੍ਰਾਹੀ ਹੋਣ ਦੀਆਂ ਪਧਰੀਆਂ ਪਾੜੀਆਂ (ਪਟੜੀਆਂ) ਤੇ ਪੈ ਜਾਵੋਗੇ, ਅਤੇ ਗੁਰਮਤਿ ਦੇ ਉਚ ਆਦਰਸ਼ ਅਨੁਸਾਰ ਇਸ ਗੁਰਵਾਕ ਨੂੰ ਆਪਣੇ ਉਪਰ ਘਟਾਓਗੇ—

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥ (ਪੰਨਾ ੬੭੧)

[ਭਾ: ਸਾ: ਰਣਧੀਰ ਸਿੰਘ ਜੀ ਲਿਖਤ ਪੁਸਤਕ "ਗੁਰਮੱਤਿ ਵਿਚਾਰ" ਵਿਚੋਂ



www.AKJ.Org

# 'ਸੁਣਿਐ' ਤੇ 'ਮੰਨੇ' ਦੀਆਂ ਪਉੜੀਆਂ ਦਾ ਟੀਕਾ ਅਤੇ ਟਿਪਣੀ (੪)

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

(ਲੜੀ ਜੋੜਨ ਲਈ ਵੇਖੋ 'ਸੂਰਾ' ਸਤੰਬਰ ੯੮)

ਗੁਰਬਾਣੀ ਪੀਊ ਦਾਦੇ ਦਾ ਸਾਂਝਾ ਵਿਰਸਾ ਹੈ। ਇਸ ਨੂੰ ਸਮਝਣ ਸਮਝਾਣ ਦਾ ਹਰ ਗੁਰਸਿਖ ਨੂੰ ਹੱਕ ਹੈ। ਪਰ ਵੇਖਣ ਵਿਚ ਆਇਆ ਹੈ ਕਿ ਕੁਝ ਬੁਧੀਜੀਵੀਏ ਗੁਰਬਾਣੀ ਨੂੰ ਕੇਵਲ ਬੁਧੀ ਦੇ ਤਲ ਤੇ ਸਮਝਣ ਦਾ ਜਤਨ ਕਰਦੇ ਹਨ ਤੇ ਫਿਰ ਆਪਣੀ ਚਤੁਰਤਾ ਦੇ ਬਲ ਬੋਤੇ, ਅਗੋਂ ਸਮਝਾਣ ਦਾ ਜਤਨ ਕਰਦੇ ਹਨ। ਸਿਟੇ ਵਜੋਂ ਨਾ ਸਮਝਾਣ ਵਾਲੇ ਦਾ ਜਤਨ ਸਫਲ ਹੁੰਦਾ ਹੈ ਅਤੇ ਨਾ ਅਗੋਂ ਸਮਝਣ ਵਾਲੇ ਦੇ ਪਿੜ ਪਲੇ ਹੀ ਕੁਝ ਪੈਂਦਾ ਹੈ। ਸਗੋਂ ਕਈ ਵਾਰੀ ਸਾਧਕ ਦੇ ਮਨ ਵਿਚ ਕੁਝ ਗਲਤ ਗੰਢਾਂ ਬਝ ਜਾਂਦੀਆਂ ਹਨ, ਜੋ ਉਸ ਨੂੰ ਅਧਿਆਤਮਿਕ-ਮਾਰਗ ਤੇ ਚਲਦਿਆਂ ਕਈ ਵਾਰੀ ਰੁਕਾਵਟ ਦਾ ਕਾਰਨ ਬਣ ਜਾਂਦੀਆਂ ਹਨ।

ਗੁਰਬਾਣੀ ਅਨਭਉ-ਪ੍ਰਕਾਸ਼ ਹੈ ਤੇ ਇਸ ਦੀ ਠੀਕ ਸੋਝੀ ਸੁਰਤ ਨੂੰ ਸ਼ਬਦ ਵਿਚ ਜੋੜਿਆਂ ਅਨਭਵ ਦੇ ਤਲ ਉਤੇ ਹੀ ਸੰਭਵ ਹੈ। ਗੁਰਬਾਣੀ ਨੂੰ ਮਨ ਬਚਨ ਕਰਮ ਕਰਕੇ ਗੁਰੂ ਮੰਨਣ ਅਤੇ ਗੁਰੂ ਧਾਰਨ ਕੀਤੇ ਮਗਰੋਂ ਹੀ, ਇਸ ਦੀ ਸੋਝੀ ਹੋ ਸਕਦੀ ਹੈ। ਉਸ ਦਾ ਮੁਢਲਾ ਤੇ ਪ੍ਰਮੁਖ ਸਾਧਨ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੂਰਨ ਜੋਤਿ-ਜਗੰਨੇ ਪੰਜ ਪਿਆਰਿਆਂ ਤੋਂ ਨਾਮ-ਅੰਮ੍ਰਿਤ ਦੀ ਪ੍ਰਾਪਤੀ ਕਰ ਕੇ ਗੁਰ-ਚਰਨੀ ਲਗਿਆ ਜਾਏ। —ਸੰਪਾਦਕ

(੫) ਨਾਮ ਦਾ ਮੰਨਣਾ—

ਸਾਰੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਾਮ ਹੀ ਨਾਮ ਦ੍ਰਿੜ੍ਹਾਉਂਦੀ ਹੈ। ਗੁਰਬਾਣੀ ਦਾ ਹਰ ਇਕ ਸ਼ਬਦ ਵਾਕ ਇਹੋ ਉਪਦੇਸ਼ ਦ੍ਰਿੜ੍ਹਾਉਂਦਾ ਹੈ ਕਿ ਨਾਮ ਜਪਹੁ, ਨਾਮ ਸਿਮਰਹੁ। ਜਿਨ੍ਹਾਂ ਨੂੰ ਇਹ ਉਪਦੇਸ਼ ਸੁਣ ਕੇ 'ਨਾਮ' ਉਤੇ ਦ੍ਰਿੜ੍ਹਤਾਂ ਨਹੀਂ ਬੱਝੀ, ਉਨ੍ਹਾਂ ਦਾ ਗੁਰਬਾਣੀ ਦਾ ਹੁਕਮ ਰੂਪੀ ਇਹ ਉਪਦੇਸ਼ ਸੁਣਿਆ ਨਾ-ਸੁਣਿਆ ਸਮਾਨ ਹੀ ਹੈ। ਸੁਣਿਆ ਪੜ੍ਹਿਆ ਤਿਨ੍ਹਾਂ ਦਾ ਹੀ ਪਰਵਾਨ ਹੈ, ਜਿਨ੍ਹਾਂ ਨੇ ਏਸ ਹੁਕਮ ਉਪਦੇਸ਼ ਅੰਦਰ ਗੁਰ ਹੁਕਮਾਈ ਆਗਿਆ ਸੱਚ ਸੱਚ ਕਰ ਮੰਨ ਲਈ। ਗੁਰਬਾਣੀ ਦੁਆਰਾ ਨਾਮ ਦੀ ਮਹਿਮਾ ਸੁਣ ਕੇ, ਗੁਰੂ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਨਾਮ ਸੁਣ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਗੁਰਮੁਖ ਨਾਮ ਅਭਿਆਸੀ ਪੰਜਾਂ ਪਿਆਰਿਆਂ ਤੋਂ ਨਾਮ ਗੁਰ-ਮੰਤ੍ਰ ਸੁਣ ਕੇ, ਨਾਮ ਅਭਿਆਸ ਦੀ ਕਮਾਈ ਵਿਚ ਤੱਤਕਾਲ ਜੁਟ ਜਾਣਾ ਅਤੇ ਨਾਮ ਜਪਣ, ਆਰਾਧਣ, ਧਿਆਵਣ ਯਾ ਨਾਮ ਸਿਮਰਨ ਲਗ ਪੈਣਾ, ਇਹ ਨਾਮ ਨੂੰ ਸੁਣ ਕੇ ਮੰਨਣਾ ਹੈ। ਅੰਮ੍ਰਿਤ ਨਾਮ ਨੂੰ ਅੰਮ੍ਰਿਤ-ਭਿੰਨੜੀ ਗੁਰ-ਰਸਨਾ ਤੋਂ ਸੁਣ ਲੈਣ ਦੀ ਮਹਿਮਾ ਅਪਰ ਅਪਾਰ ਹੈ। ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਪੰਜਾਂ ਪਿਆਰਿਆਂ ਦੀ ਰਸਨਾ ਗੁਰੂ ਦੀ ਰਸਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਅੰਮ੍ਰਿਤ ਸੰਚਾਰ ਸਮਾਗਮੀ ਨਾਮ ਦ੍ਰਿੜ੍ਹਾਵਣ ਸਮੇਂ ਇਹਨਾਂ ਪਿਆਰਿਆਂ ਦੀ ਅੰਮ੍ਰਿਤ ਨਾਮ ਕਮਾਈ ਵਾਲੀ ਰਸ-ਭਿੰਨਿਅੜੀ ਅਤੇ ਰੰਗ-ਰੱਤਿਅੜੀ ਰਸਨਾ ਤੋਂ ਨਾਮ ਗੁਰਮੰਤ੍ਰ ਸੁਣਨ (ਲੈਣ) ਦੀ ਬਿਸਮ ਆਕ੍ਰਖਣੀ ਪਾਰਸ-ਕਲਾ ਵਰਤਦੀ ਹੈ ਕਿ ਸ੍ਰਵਣਾਂ ਦੁਆਰਾ ਨਾਮ ਸੁਣ ਕੇ, ਅਰਥਾਤ, ਗੁਰਮੰਤ੍ਰ ਲੈਣ ਸਾਰ ਹੀ ਨਾਮ ਮਾਤਰ ਜਗਿਆਸੂ ਜਨਾਂ ਅੰਦਰ ਨਾਮ ਅਭਿਆਸ ਦੀ ਰੌ ਚੱਲ ਪੈਂਦੀ ਹੈ, ਅਤੇ ਐਸੀ ਚਲਦੀ ਹੈ ਕਿ ਫੇਰ ਠਲ੍ਹਦੀ ਹੀ ਨਹੀਂ। ਜਗਿਆਸੂ ਜਨ ਦੇ ਰੋਮ ਰੋਮ ਅੰਦਰ ਨਾਮ ਦੀ ਝਰਨਾਟ ਛਿੜ ਪੈਂਦੀ ਹੈ। ਮੁਖ, ਰਸਨਾ, ਹੋਂਠ (ਬੁਲ੍ਹ) ਤਾਲੂ ਸਭ ਨਾਮ ਜਪਣ ਵਿਚ ਹੀ ਜੁਟ ਜਾਂਦੇ ਹਨ। ਇਹ "ਨਾਮ" "ਸੁਣਨ" ਦੀ ਹੀ ਮਹਿਮਾ ਹੈ ਜੋ ਇਸ ਬਿਧ ਜਗਿਆਸੂ ਜਨ ਨੂੰ ਨਾਮ ਜਪਣ ਵਿਚ ਹਮਾਤਨ ਹੋ ਕੇ ਜੁਟਾਉਂਦੀ ਹੈ। ਆ-ਮੁਹਾਰਾ ਨਿਰਯਤਨ ਜਾਪ ਛਿੜ ਪੈਂਦਾ ਹੈ। ਨਾਮ ਜਪਦਿਆਂ ਹੀ ਨਾਮ ਦੀ ਧੁਨੀ ਨਾਲੋ ਨਾਲ ਸੁਣਾਈ ਦਿੰਦੀ ਹੈ। ਨਾਮ ਦਾ ਸੁਣਨਾ ਅਤੇ ਜਪਣਾ ਨਾਮ ਅਭਿਆਸੀ ਜਨ ਦੀ ਸਦੀਵਕਾਲੀ, ਖਿਨ ਖਿਨ ਹੀ, ਨਾਮ ਕਮਾਈ ਅੰਦਰ ਓਤ ਪੋਤ ਬਣਿਆ ਰਹਿੰਦਾ ਹੈ।

ਇਹ ਸ੍ਰਵਣ-ਮੰਨਣੀ-ਨਿਦਿਆਸਨ ਪਹਿਲੂ-ਬ-ਪਹਿਲੂ ਜਾਰੀ ਹੀ ਰਹਿੰਦਾ ਹੈ। ਕੋਈ ਸਾਇਤ ਭੀ ਖ਼ਾਲੀ ਨਹੀਂ ਜਾਂਦੀ, ਜਦ ਕਿ ਨਾਮ ਅਭਿਆਸੀ ਨਾਮ ਜਪਦਾ ਹੋਵੇ ਤੇ ਨਾਲੋ ਨਾਲ ਨਾਮ ਨਾ ਸੁਣੇ। ਸੂਖਮ ਤੋਂ ਸੂਖਮ,


www.AKJ.Org

ਮੱਧਮ ਤੋਂ ਮੱਧਮ, ਪਰਾ, ਪਸੰਤੀ ਤੋਂ ਅਪ੍ਰੰਪਰਾ, ਨਾਮ ਬਾਣੀ ਦਾ ਸੁਆਸ ਅਭਿਆਸੀ ਜਾਪ ਭੀ ਨਾਲੋ ਨਾਲ ਧੁਨੀ ਉਪਜਾਉਂਦਾ ਹੈ। ਜਿਹੋ ਜਿਹਾ ਅਭਿਆਸ ਤੇਹੋ ਜਿਹੀ ਧੁਨੀ। ਇਸ ਧੁਨੀ ਨੂੰ ਸ੍ਰਵਣਾਂ ਦੁਆਰਾ ਅਵੱਸ਼ ਸੁਣੀਦਾ ਹੈ।

ਸ਼ਬਦ ਸੁਰਤ ਵਾਲਾ ਅਭਿਆਸ-

ਨਾਮ ਜਾਪ ਰੂਪੀ ਸ਼ਬਦ (ਬਾਣੀ) ਨੂੰ ਸ੍ਰਵਣਾਂ ਦੁਆਰੇ ਸੂਖਮ ਤੋਂ ਸੂਖਮ ਧੁਨੀ ਦੀ ਸਰੋਤ ਵਿਚ ਸੁਣਦੇ ਰਹਿਣਾ ਏਹੀ ਤਾਂ ਸ਼ਬਦ ਸੁਰਤਿ ਵਾਲਾ ਨਾਮ ਅਭਿਆਸ ਗੁਰਮਤਿ ਅੰਦਰ ਪ੍ਰਸਿੱਧ ਹੈ। ਨਾਮ-ਜਾਪ ਤੋਂ ਉਪਜੀ ਪਾਰਸ-ਰਹੱਸੀ-ਧੁਨੀ ਅਵੱਸ਼ ਹੀ ਸ੍ਰਵਣ-ਸਰੋਤੀ-ਸੁਰਤੀ ਨੂੰ ਆਪਣੇ ਵਲ ਲਾਈ ਰਖਦੀ ਹੈ। ਜਿਉਂ ਜਿਉਂ ਨਾਮ ਅਭਿਆਸ ਵਧਦਾ ਹੈ, ਤਿਉਂ ਤਿਉਂ ਸ਼ਬਦ ਸੁਰਤਿ ਘੁਲ ਮਿਲ ਘਿਚ ਖੇਡ ਵਧ ਤੋਂ ਵਧ ਬਿਸਮ ਰੰਗਾਂ ਵਿਚ ਖੇਡਦੀ ਹੈ। ਅਭਿਆਸੀ ਜਨ ਆਪ ਹੀ ਸ਼ਬਦ (ਨਾਮ) ਦਾ ਬਕਤਾ (ਜਪਣਹਾਰਾ) ਅਤੇ ਆਪ ਹੀ ਸੁਰਤਾ (ਸਰੋਤਾ) ਹੁੰਦਾ ਹੈ। ਜਿਨ੍ਹਾਂ ਵਡਭਾਗੇ ਜਗਿਆਸੂ ਜਨਾਂ ਦੇ ਨਾਮ ਅਭਿਆਸ ਅੰਦਰ ਨਾਮ ਗੁਰਮੰਤ੍ਰ ਮਿਲਣ ਸਾਰ ਹੀ ਸ਼ਬਦ ਸੁਰਤਿ ਦਾ ਮਿਕਨਾ-ਤੀਸੀ ਮੇਲ ਹੋ ਜਾਂਦਾ ਹੈ, ਤਿਨ੍ਹਾਂ ਨੂੰ ਤਾਂ ਆਪਣੇ ਹੁਦਰੇਂ ਸ਼ਬਦ (ਨਾਮ ਗੁਰਮੰਤ੍ਰ) ਵਿਖੇ ਅਭਿਆਸ ਸਮੇਂ ਸੁਰਤੀ ਜੋੜਨ ਦਾ ਕਿੰਚਤ ਮਾਤਰ ਯਤਨ ਹੀ ਕਰਨਾ ਪੈਂਦਾ ਹੈ, ਕਿਉਂਕਿ ਨਾਮ ਦਾ ਰਿਦ-ਜੋਤਿ ਪਰਜੁਲਤ ਰਹੱਸ ਆਪਣੇ ਆਪ ਹੀ ਸੁਰਤੀ ਦੀਆਂ ਤਣਾਵਾਂ ਖਿੱਚੀ ਰਖਦਾ ਹੈ। ਪ੍ਰੰਤੂ ਜਿਨ੍ਹਾਂ ਨੂੰ ਨਾਮ ਤਾਂ ਦ੍ਰਿੜ੍ਹ ਹੋ ਗਿਆ ਹੁੰਦਾ ਹੈ, ਤੇ ਨਾਮ ਉਤੇ ਦ੍ਰਿੜ੍ਹਤਾ ਬੜ ਗਈ ਹੁੰਦੀ ਹੈ, ਪ੍ਰੰਤੂ ਅਜੇ ਨਾਮ ਦਾ ਰਸ ਨਹੀਂ ਆਇਆ ਹੁੰਦਾ, ਤਿਨ੍ਹਾਂ ਨੂੰ ਨਾਮ ਦਾ ਖੰਡਾ ਜ਼ੋਰੋ ਜ਼ੋਰ ਰਸਨਾ ਯਾ ਸੁਆਸਾਂ ਨਾਲ ਹੀ ਖੜਕਾਉਂਦੇ ਹੋਏ ਨਾਮ ਜਾਪ ਤੋਂ ਉਪਜੀ ਧੁਨੀ ਵਲ ਤਕੜਾ ਯਤਨ ਕਰ ਕੇ ਸੁਰਤੀ ਜੋੜਨੀ ਪੈਂਦੀ ਹੈ। ਨਾਮ ਦੀ ਸ਼ਬਦ-ਧੁਨੀ ਵਲ ਸੁਰਤੀ ਲਾਉਣੀ ਅਵੱਸ਼ ਜ਼ਰੂਰੀ ਹੈ।

ਜੋ ਕਿਸੇ ਦੇ ਭਰਮ ਭਰਮਾਏ ਹੋਏ, ਨਾਮ ਅਭਿਆਸ ਤੋਂ ਅਗਿਆਤ ਪੁਰਸ਼ਾਂ ਦੀ ਮਤ ਲੈ ਕੇ ਕਿਸੇ ਖ਼ਿਆਲੀ ਮੂਰਤੀ ਯਾ ਮਸੱਵਰ ਤਸੱਵਰੀ ਗੁਰੂਆਂ ਦੀ ਤਸਵੀਰ ਯਾ ਫੋਟੋ ਵੱਲ ਭੀ ਸੁਰਤੀ ਲਾਉਂਦੇ ਹਨ, ਉਹ ਭੀ ਗੁਰਮਤਿ ਮਾਰਗੀ 'ਸ਼ਬਦ ਸੁਰਤ' ਦੀ ਖੇਡ-ਅਗੰਮੀ ਤੋਂ ਘੁਥੇ ਹੀ ਰਹਿੰਦੇ ਹਨ। ਅੱਖਾਂ ਦੇ ਅਗੇ ਮੂਰਤ ਯਾ ਤਸਵੀਰ ਫ਼ੋਟੋ ਧਰਨ ਨਾਲ ਸੁਰਤ ਸ਼ਬਦ ਵਾਲੀ ਗੁਰਮਤਿ ਸੁਰਤਾਈ ਸੁਰਤ ਕਦੇ ਪੂਰੀ ਨਹੀਂ ਹੋ ਸਕਦੀ, ਸਗੋਂ ਇਹ ਕੁਚੱਜ ਅਭਿਆਸੀ ਜਨ ਨੂੰ ਅਉਝੜ ਹੀ ਪਾਏਗਾ, ਅਤੇ ਅਉਝੜ ਹੀ ਲੈ ਜਾਏਗਾ। ਸ਼ਬਦ ਸੁਰਤ ਦੀ ਗੁਰਮਤਿ ਅਭਿਆਸਨੀ, ਧਿਆਨ ਨਿਧਿਆਸਨੀ, ਚੋਜ ਅਗੰਮੀ ਖੇਡ ਤੋਂ ਬਿਨਾਂ ਹੋਰ ਸਭ ਧਿਆਨ-ਬਾਜ਼ੀ ਬੁੱਤ-ਪ੍ਰਸਤੀ ਹੈ। ਅਲੱਖ ਨਿਰੰਜਨ ਅਕਾਲ ਮੂਰਤ ਵਾਲੇ ਪੁਰਖ ਪ੍ਰੀਤਮ ਪਾਰਬ੍ਰਹਮ ਪਰਮੇਸ਼ਰ ਦੀ ਕੋਈ ਫ਼ਰਜ਼ੀ ਮੂਰਤਿ ਬਣਾ ਕੇ ਉਸ ਵਲ ਦ੍ਰਿਸ਼ਟ ਧਿਆਨ ਜੋੜਨਾ ਐਵੇਂ ਤੂਹ ਕੁਟਣ ਵਾਲੀ ਗੱਲ ਹੀ ਹੈ। ਨਾ ਹੀ ਇਸ ਬਿਧਿ ਧਿਆਨ ਜੁੜਦਾ ਹੈ, ਨਾ ਬਿਰਤੀ ਜੁੜਦੀ ਹੈ। ਸਾਰੀ ਖੇਪ ਅਜਾਈਂ ਹੀ ਜਾਂਦੀ ਹੈ, ਸਗੋਂ ਇਸ ਫ਼ਰਜ਼ਾ ਫ਼ਰਜ਼ੀ ਵਾਲੀ ਧਿਆਨ-ਬਾਜ਼ੀ ਨਾਲ ਆਪਣੇ ਧੇਯ ਇਸ਼ਟ ਨੂੰ ਮਖ਼ੌਲ ਕਰਨਾ ਹੈ। ਸੁਰਤਿ ਮੰਡਲੀ ਇਨਕਸ਼ਾਫ਼ ਕਰਨ ਲਈ ਸਿਰਫ਼ ਸ਼ਬਦ ਸੁਰਤਿ ਦੀ ਗੁਰਮਤਿ ਦਰਸਾਈ ਜੁਗਤੀ ਹੀ ਸਹਾਈ ਹੈ। ਇਸ ਕਰਕੇ ਸ਼ਬਦ ਸਰੋਦ, ਅਰਥਾਤ, ਸ਼ਬਦ ਕੀਰਤਨ ਨੂੰ ਸਤਿਗੁਰੂ ਸਾਹਿਬ ਨੇ ਸਭ ਗੁਰਮਤਿ ਯੁਕਤੀਆਂ ਵਿਚੋਂ ਮੁਖ ਅਤੇ ਸ੍ਰੇਸ਼ਟ ਯੁਕਤੀ ਪਰਵਾਨ ਰਖਿਆ ਹੈ, ਕਿਉਂਕਿ ਉਸ ਦੀ ਸਹਾਇਤਾ ਦੁਆਰੇ ਅਭਿਆਸੀ ਜਨ ਦੀ ਸੁਰਤੀ ਬਿਰਤੀ ਪੰਖ ਲਗਾਇ ਕੈ ਪ੍ਰੀਤਮ-ਦਰਸ-ਜੋਤੀਸ਼ ਨਾਲਿ ਜਾਇ ਜੁੜਦੀ ਹੈ। ਤਾਂ ਹੀ ਤੇ ਸਤਿਗੁਰੂ ਨੇ ਸੁਣਨ (ਸ੍ਰਵਣ ਕਰਨ) ਦੀ ਮਹਿਮਾ ਦਾ ਚੋਜ ਸਭ ਤੋਂ ਪਹਿਲਾਂ ਵਰਨਣ ਕੀਤਾ ਹੈ। ਉਂਞ ਸੁਨਣ, ਮੰਨਣ, ਨਿਧਿਆਸਨ ਦਾ ਦਰਜਾ ਇਕੋ ਜਿਹਾ ਹੀ ਰਖਿਆ ਹੈ। ਜੇਹੀ "ਸੁਣਿਐ" ਦੀ ਮਹਿਮਾ ਤੇਹੀ "ਮੰਨੇ" ਦੀ। ਦੇਖੋ ਵਾਰ ਸਾਰੰਗ ਦੀਆਂ "ਸੁਣਿਐ" "ਮੰਨਿਐ" ਦੀਆਂ ਪਉੜੀਆਂ ਅੰਦਰ ਆਈਆਂ ਵਖੋ ਵਖ ਭਾਂਤੋ ਭਾਂਤ ਦੀਆਂ ਪੰਗਤੀਆਂ ਦੇ ਭਾਵ ਇਕ ਦੂਜੇ ਦੇ ਬਰੋਬਰ ਨਿਰਣਾ ਕਰ ਕੇ ਤੇ ਨਾਲ ਰਲਾ ਕੇ ਜਪੁਜੀ ਸਾਹਿਬ ਦੀਆਂ "ਸੁਣਿਐ" ਤੇ "ਮੰਨੇ" ਦੀਆਂ ਪਉੜੀਆਂ ਇਕੋ ਸਮਸਰੀ ਭਾਵ ਵਾਲੀਆਂ ਤੁਕਾਂ—



www.AKJ.Org

| "ਸੁਣਿਐ" | "ਮੰਨਿਐ" |
|---|---|
| "ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ" | "ਨਾਇ ਮੰਨਿਐ ਸੁਖੁ ਊਪਜੈ ਨਾਮੇ ਗਤਿ ਹੋਈ" |
| "ਸੁਣਿ ਸੁਣਿ ਮੰਨਿ ਵਸਾਈਐ ਬੂਝੈ ਜਨੁ ਕੋਈ" | "ਨਾਇ ਮੰਨਿਐ ਸਾਂਤਿ ਊਪਜੈ ਹਰਿ ਮੰਨਿ ਵਸਾਇਆ" |
| "ਨਾਇ ਸੁਣਿਐ ਮਨੁ ਰਹਸੀਐ ਨਾਮੇ ਸਾਂਤਿ ਆਈ" | "ਨਾਇ ਮੰਨਿਐ ਸ ਤਿ ਊਪਜੈ ਹਰਿ ਮੰਨਿ ਵਸਾਇਆ" |
| "ਨਾਇ ਸੁਣਿਐ ਮਨੁ ਤ੍ਰਿਪਤੀਐ ਸਭ ਦੁਖ ਗਵਾਈ" | "ਨਾਇ ਮੰਨਿਐ ਦੁਖ ਭੁਖ ਗਈ ਜਿਨ ਨਾਮਿ ਚਿਤੁ ਲਾਇਆ" |
| "ਨਾਇ ਸੁਣਿਐ ਨਾਉ ਊਪਜੈ ਨਾਮੇ ਵਡਿਆਈ" [ਸਾਰੰਗ ਵਾਰ ਮ: ੪, ਪੰਨਾ ੧੨੩੯-੪੦ | "ਨਾਇ ਮੰਨਿਐ ਨਾਮੁ ਊਪਜੈ ਸਹਜੇ ਸੁਖੁ ਪਾਇਆ" [ਸਾਰੰਗ ਵਾਰ ਮ: ੪, ਪੰਨਾ ੧੨੪੧-੪੨ |
| "ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ" | "ਮੰਨੈ ਸੁਰਤਿ ਹੋਵੈ ਮਨਿ ਬੁਧਿ । |
| "ਨਾਇ ਸੁਣਿਐ ਨਉ ਨਿਧਿ ਮਿਲੈ ਮਨ ਚਿੰਦਿਆ ਪਾਵੈ" [ਸਾਰੰਗ ਵਾਰ ਮ: ੪, ਪੰਨਾ ੧੨੪੦ | ਮੰਨੈ ਸਗਲ ਭਵਣ ਕੀ ਸੁਧਿ ॥" (ਜਪੁਜੀ ਸਾਹਿਬ) |
| "ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ" [ਸਾਰੰਗ ਵਾਰ ਮ: ੪, ਪੰਨਾ ੧੨੪੦ | "ਨਾਇ ਮੰਨਿਐ ਸਾਲਾਹੀਐ ਪਾਪਾਂ ਮਤਿ ਧੋਈ" [ਸਾਰੰਗ ਵਾਰ ਮ: ੪, ਪੰਨਾ ੧੨੪੨ |

ਇਹ ਤਾਂ ਹੋਏ ਨਾ, ਸਾਂਝੇ ਭਾਵ ਦੇ ਸਮ-ਅਰਥੀ ਪਰਮਾਰਥ ਫਲ, ਜੋ ਨਾਮ ਨੂੰ ਸੁਨਣ ਅਤੇ ਮੰਨਣ ਤੋਂ ਸਾਮਾਨ ਹੀ ਇਕੋ ਦਰਜੇ ਅੰਕਿਤ ਹੁੰਦੇ ਹਨ। ਹੋਰ ਭੀ ਜੇਹੜੇ ਦੋਹਾਂ "ਸੁਣਿਐ" "ਮੰਨਿਐ" ਦੀ ਪਉੜੀਆਂ ਦੀਆਂ ਵਖੋ ਵਖ ਪਦ-ਪਦਾਰਥੀ ਤੁਕਾਂ ਅੰਦਰ ਦਰਸਾਏ ਅਰਥ ਪਰਮਾਰਥ ਹਨ, ਓਹ ਭੀ ਰਲਵੇਂ ਮਿਲਵੇਂ ਹੀ ਹਨ। "ਨਾਇ ਸੁਣਿਐ ਸੰਤੋਖੁ ਹੋਇ ਕਵਲਾ ਚਰਨ ਧਿਆਵੈ"* ਵਾਲਾ ਨਾਮ ਸੁਣਨ ਦਾ ਪਰਮਾਰਥ ਕਿਹੜਾ ਘਟ ਹੈ, ਨਾਮ ਸੁਣਨ ਨਾਲ ਓਹ ਸੰਤੋਖ ਬਿਰਤੀ ਪਰਾਪਤ ਹੁੰਦੀ ਹੈ ਜਿਸ ਦੀ ਬੇ-ਪਰਵਾਹ ਦਸ਼ਾ ਅੰਦਰ ਕੌਲਾਂ ਲਛਮੀ ਭੀ ਪਈ ਪੈਰ ਝਸਦੀ ਫ਼ਿਰਦੀ ਹੈ। ਇਹ ਗੁਰਮਤਿ ਨਾਮ ਸੁਣਨ ਦਾ ਹੀ ਮਹਾਤਮ ਹੈ, ਸੁਣਨ ਵਿਚ ਸਭ ਕੁਛ ਆ ਗਿਆ। ਮੰਨਣ, ਨਿਧਿਆਂਸਨ ਭੀ ਆ ਗਿਆ, ਜੈਸਾ ਕਿ ਪਹਿਲਾਂ ਨਿਰੂਪਨ ਕੀਤਾ ਜਾ ਚੁਕਾ ਹੈ। ਫੇਰ : "ਨਾਇ ਸੁਣਿਐ ਸਹਜੁ ਊਪਜੈ" ਵਾਲੀ ਪੰਗਤੀ ਦੇਖੋ, "ਸਹਜ" ਪਦ ਨੂੰ ਹੀ ਪਹੁੰਚਾਇ ਦਿੰਦੀ ਹੈ, ਨਾਮ ਦੇ ਸੁਣਨਹਾਰੇ ਨੂੰ।

ਜਿਸ ਨਾਮ ਨੂੰ ਟੀਕਾਕਾਰ ਜੀ ਨੇ ਤੁਰੀਆ (ਸਹਜ) ਪਦ ਵਿਚ ਜਾ ਕੇ ਸੁਣਨਾ ਦਸਿਆ ਹੈ ਓਹ ਤੁਰੀਆ (ਸਹਜ) ਪਦ ਤਾਂ ਨਾਮ ਦੇ ਸੁਣੇ ਤੋਂ ਹੀ ਪ੍ਰਾਪਤ ਹੁੰਦਾ ਹੈ। ਸੋ ਗੁਰਮਤਿ ਨੂੰ ਸੱਚੀ ਮੰਨੀਏ ਕਿ ਅਲਪਗ ਫ਼ਿਲਾਸਫ਼ਰਾਂ ਦੀ ਮਨ-ਮੰਨੀ ਯੁਕਤੀ ਨੂੰ ? "ਮੰਨਿਐ" "ਸੁਣਿਐ" ਦੇ ਭਾਵਾਂ ਦਾ ਵਿਤਕਰਾ ਭੀ ਐਵੇਂ ਉਹਨਾਂ ਆਪਣੀ ਮਨ ਦੀ ਮਤ ਅਨੁਸਾਰ ਹੀ ਪਾਇਆ ਹੋਇਆ ਹੈ। ਦੇਖੋ ਉਪਰਲੇ "ਨਾਇ ਸੁਣਿਐ" ਦੇ ਸਹਜ ਪਦ ਵਾਲੇ ਪਰਮਾਰਥ ਦੇ ਸਾਹਮਣੇ "ਨਾਇ ਮੰਨਿਐ" ਦਾ ਏਹਨਾਂ ਅਗਲੀਆਂ ਤੁਕਾਂ ਅੰਦਰ ਕੈਸਾ ਸਾਧਾਰਨ ਪਰਮਾਰਥ ਵਿਦਤਾਇਅ ਗਿਆ ਹੈ। ਯਥਾ :

ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ ॥
ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ ॥ [ਸਾਰੰਗ ਕੀ ਵਾਰ ਮ: ੪, ਪੰਨਾ ੧੨੪੨

ਫੇਰ 'ਨਾਇ ਸੁਣਿਐ ਮੰਨਿਐ' ਦੇ ਫਲ ਪਰਮਾਰਥ ਦੀ ਸਰਬ ਸਾਧਾਰਨ ਆਤਮ-ਜੀਵਨ-ਨਿਰੂਪਨੀ-ਸਾਂਝੀ ਬਿਵਸਥਾ ਦੀਆਂ ਤੁਕਾਂ ਪੰਗਤੀਆਂ ਦਾ ਗਹੁ ਕਰਕੇ ਮੁਲਾਹਜ਼ਾ ਕਰੋ :

ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ ॥
ਨਾਇ ਸੁਣਿਐ ਘਟਿ ਚਾਨਣਾ ਆਨ੍ਹੇਰੁ ਗਵਾਵੈ ॥.. ...
ਨਾਨਕ ਨਾਇ ਸੁਣਿਐ ਮੁਖ ਉਜਲੇ ਨਾਉ ਗੁਰਮੁਖਿ ਧਿਆਵੈ ॥੮॥ ਪੰਨਾ ੧੨੪੦

* ਸਾਰੰਗ ਕੀ ਵਾਰ ਮ: ੪, ਪੰਨਾ ੧੨੪੦


www.AKJ.Org

ਓਧਰ : ਨਾਇ ਮੰਨਿਐ ਸੁਰਤਿ ਊਪਜੈ ਨਾਮੇ ਮਤਿ ਹੋਈ ॥
ਨਾਇ ਮੰਨਿਐ ਗੁਣ ਉਚਰੈ ਨਾਮੇ ਸੁਖਿ ਸੋਈ ॥
ਨਾਇ ਮੰਨਿਐ ਭ੍ਰਮੁ ਕਟੀਐ ਫਿਰਿ ਦੁਖੁ ਨ ਹੋਈ ॥...੧੨॥ ਪੰਨਾ ੧੨੪੨

ਜਿਥੇ "ਨਾਇ ਮੰਨਿਐ ਭਵਜਲੁ ਲੰਘੀਐ"* ਦੇ ਭਾਵ ਅਨੁਸਾਰ ਨਾਮ ਮੰਨਣ ਦੇ ਪਰਤਾਪ ਨਾਲ ਭਵ-ਸਾਗਰ ਤੋਂ ਲੰਘ ਕੇ ਪਾਰ ਪੈ ਜਾਈਦਾ ਹੈ, ਓਥੇ "ਸੁਣਿਐ ਹਾਥ ਹੋਵੈ ਅਸਗਾਹੁ" ਦੇ ਭਾਵ ਅਨੁਸਾਰ ਨਾਮ ਦੇ ਸੁਣਨ ਦਾ ਭੀ ਇਹੋ ਪਰਮਾਰਥ ਪਰਤਾਪੀ ਪ੍ਰਭਾਵ ਵਰਤਦਾ ਹੈ ਕਿ ਅਗਮ ਅਗੋਚਰ ਅਥਾਹ ਪ੍ਰਮਾਤਮਾ ਪਾਰਬ੍ਰਹਮ ਪ੍ਰਤੱਖ ਹਿਰਦੇ ਵਿਖੇ ਪ੍ਰਗਟ ਹੋ ਜਾਂਦਾ ਹੈ। "ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ ॥"† ਦੇ ਗੁਰਵਾਕ ਵਾਲਾ ਅਸਚਰਜ ਕਉਤਕ ਵਰਤ ਜਾਂਦਾ ਹੈ। ਹਾਂ! ਗੁਰਮਤਿ ਨਾਮ ਨਿਰੰਜਨ ਐਸਾ ਕੰਚਨ ਵਤ ਨਿਰਮਲ ਤੇ ਪਾਕ ਪਾਰਸ ਰੂਪ ਹੈ ਕਿ ਇਸ ਦੇ ਸੁਣਨ ਮਾਤਰ ਨਾਲ ਹੀ ਸੁਖ ਹੋ ਜਾਂਦਾ ਹੈ, ਸਚੇ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿਉਂ ਜਿਉਂ ਇਹ ਸੁਣੀਦਾ ਹੈ, ਤਿਉਂ ਤਿਉਂ ਹੀ ਇਹ ਹਿਰਦੇ ਅੰਦਰ ਉਤਰਦਾ ਜਾਂਦਾ ਹੈ, ਨਾਮ ਅਭਿਆਸ ਸਮੇਂ ਸ਼ਬਦ ਸੁਰਤਿ ਦੀ ਅਗੰਮੀ ਖੇਡ ਬਹੁਤੀ ਸ੍ਰੋਤ ਸੁਰਤਿ ਉਤੇ ਹੀ ਵਰਤਦੀ ਹੈ। ਸੁਰਤਿ ਸ਼ਬਦ ਅਭਿਆਸ ਰੀਤੀ (ਗੁਰਮਤਿ ਜੁਗਤਿ ਰੀਤੀ) ਨਾਲ ਨਾਮ ਨੂੰ ਸੁਣ ਸੁਣ ਹੀ ਮੰਨਿ ਵਸਾਈਦਾ ਹੈ, ਪਰ ਏਸ ਜੁਗਤਿ ਬਿਧੀ ਨੂੰ ਗੁਰੂ ਵਰੋਸਾਏ ਗੁਰਮੁਖ ਜਨ ਹੀ ਬੁਝਦੇ ਹਨ :

"ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ ॥ ਗਉੜੀ ਵਾਰ ਮ: ੪, ਪੰਨਾ ੩੦੬

ਦੇ ਵਾਕ ਅਨੁਸਾਰ ਗੁਰਮਤਿ ਨਾਮ ਅਭਿਆਸੀ ਗੁਰਮੁਖਾਂ ਦਾ ਪੰਥ ਹੀ ਅਜਿਹੇ ਵਿਰਲੇ ਥੋੜੇ ਰੱਬ ਦੇ ਬੰਦਿਆਂ ਦਾ ਹੀ ਸਮੂਹ ਹੈ, ਜਿਨ੍ਹਾਂ ਦੇ ਅੰਤਰ ਆਤਮੇ ਇਸ ਪ੍ਰਕਾਰ ਨਾਮ ਵਸ ਜਾਂਦਾ ਹੈ, ਓਹਨਾਂ ਤੋਂ ਫੇਰ ਏਹ ਨਾਮੁ ਬਹਿੰਦਿਆਂ ਉਠਦਿਆਂ ਨਹੀਂ ਵਿਸਰਦਾ। ਸੱਚੇ 'ਸਤਿ ਕਰਤਾਰ' ਦਾ ਨਾਮ ਭੀ ਸੱਚਾ ਹੈ। ਤਾਂ ਹੀ ਤਾਂ ਇਸ ਨੂੰ 'ਸਤਿਨਾਮ' ਦਾ ਵਿਸ਼ੇਸ਼ਣ ਪ੍ਰਾਪਤ ਹੈ। ਚੂੰਕਿ ਨਾਮ ਨਾਮੀ ਅਭੇਦ ਹਨ, ਇਸ ਕਰਕੇ ਜਿਨ੍ਹਾਂ ਨੂੰ ਸਤਿਨਾਮ ਨਹੀਂ ਵਿਸਰਦਾ, ਤਿਨ੍ਹਾਂ ਨੂੰ ਸਤਿ ਕਰਤਾਰ ਨਾਮੀ ਵਾਹਿਗੁਰੂ, ਪ੍ਰਮਾਤਮਾ ਭੀ ਨਹੀਂ ਵਿਸਾਰਦਾ। ਅਜਿਹੇ ਗੁਰਮੁਖ ਭਗਤ ਜਨਾਂ ਨੂੰ 'ਨਾਮ' ਅਧਾਰ ਰੂਪ ਹੋ ਜਾਂਦਾ ਹੈ। ਨਾਮ ਬਿਨਾਂ ਉਹ ਜੀਉ ਹੀ ਨਹੀਂ ਸਕਦੇ। ਐਸੇ, ਬਸ ਐਸੇ ਹੀ ਨਾਮ-ਅਧਾਰੀ ਨਾਮ-ਆਹਾਰੀ ਗੁਰਮੁਖ ਭਗਤ ਜਨਾਂ ਨੂੰ ਹੀ ਸੱਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਉਹਨਾਂ ਦੇ ਮਨ ਤਨ ਅੰਦਰ ਸਦਾ ਅਕਾਲ ਪੁਰਖ ਵਾਹਿਗੁਰੂ ਸਾਕਸ਼ਾਤ ਹੋ ਕੇ ਰਮ ਜਾਂਦਾ ਹੈ ਅਤੇ ਰਮਿਆ ਹੀ ਰਹਿੰਦਾ ਹੈ। ਯਥਾ ਗੁਰਵਾਕ :

ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ ॥ ਸੁਣਿ ਸੁਣਿ ਮੰਨਿ ਵਸਾਈਐ ਬੂਝੈ ਜਨੁ ਕੋਈ ॥
ਬਹਿਦਿਆ ਉਠਦਿਆ ਨ ਵਿਸਰੈ ਸਾਚਾ ਸਚੁ ਸੋਈ ॥ ਭਗਤਾ ਕਉ ਨਾਮ ਅਧਾਰੁ ਹੈ ਨਾਮੇ ਸੁਖੁ ਹੋਈ ॥
ਨਾਨਕ ਮਨਿ ਤਨਿ ਰਵਿ ਰਹਿਆ ਗੁਰਮੁਖਿ ਹਰਿ‡ ਸੋਈ ॥੫॥ ਸਾਰੰਗ ਕੀ ਵਾਰ ਮ: ੪, ਪੰਨਾ ੧੨੩੯

ਇਹ ਗੁਰਮਤਿ ਨਾਮ ਗੁਰਮੰਤ੍ਰ ਹੀ ਹੈ (ਹੋਰ ਕੋਈ ਖਿਆਲੀ ਤੁਰੀਆ ਵਾਲਾ ਕਿਆਸ ਸ੍ਰੋਤੀ ਨਾਮ ਨਹੀਂ) ਜਿਸ ਦੇ (ਗੁਰੂ ਦੁਆਰਿਓਂ ਪ੍ਰਾਪਤੀ ਸਮੇਂ) ਸੁਣਿਆਂ ਅਤੇ ਨਾਮ ਪ੍ਰਾਪਤ ਕਰ ਕੇ ਅਭਿਆਸ ਕਮਾਈ ਕਰਦਿਆਂ ਛਿਨ ਛਿਨ ਸੁਣਦੇ ਰਹਿਣ ਕਰਕੇ ਮਨ ਨੂੰ ਸੱਚਾ ਰਹੱਸ (ਅਨੰਦ ਰਸ) ਪ੍ਰਾਪਤ ਹੁੰਦਾ ਹੈ, ਅਤੇ ਸੱਚੀ ਸ਼ਾਂਤੀ ਦੀ ਪ੍ਰਾਪਤੀ ਹੁੰਦੀ ਹੈ। ਏਸੇ ਨਾਮ ਦੇ ਏਸੇ ਬਿਧ ਸੁਣਿਆਂ ਹੀ ਮਨ ਨੂੰ "ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ"†† ਦੇ ਗੁਰਵਾਕ ਭਾਵ ਵਾਲੀ ਸੱਚੀ ਤ੍ਰਿਪਤੀ ਪ੍ਰਾਪਤ ਹੁੰਦੀ ਹੈ ਅਤੇ ਨਾਮ ਸੁਣਨਹਾਰੇ ਦੇ ਸਭੇ ਦੁਖ, ਭੁੱਖ, ਰੋਗ ਦੂਰ ਹੋ ਜਾਂਦੇ ਹਨ। ਨਾਮ ਦੇ ਏਸੇ ਗੁਰਮਤਿ ਬਿਧ ਸੁਣਨ ਕਰਕੇ ਅੰਦਰੋਂ (ਘਟ ਅੰਤਰੋਂ) ਹੀ ਅਜਪਾ ਜਾਪੀ ਨਾਮ ਅਭਿਆਸ ਦਾ ਸੋਮਾ ਉਗਵਿ ਆਉਂਦਾ ਹੈ, ਸੱਚੀ ਵਡਿਆਈ ਮਈ ਸਿਫਤਿ ਸਾਲਾਹ

* ਸਾਰੰਗ ਕੀ ਵਾਰ ਮ: ੪, ਪੰਨਾ ੧੨੪੧,
† ਸੋਰਠਿ ਮ: ੫, ਪੰਨਾ ੬੧੨
‡ ਗੁਰਮੁਖਿ ਹਰਿ—ਵਾਹਿਗੁਰੂ
†† ਰਾਮਕਲੀ ਮ: ੩ ਅਨੰਦੁ, ਪੰਨਾ ੯੧੭



www.AKJ.Org

ਦਾ ਸੱਚਾ ਆਨੰਦਮਈ ਤੋਰਾ ਤੁਰਦਾ ਹੈ । ਬਸ ! ਨਾਮ ਅਭਿਆਸੀ ਭਗਤਾਂ ਦੀ ਜਾਤਿ ਪਤਿ ਗਹਿਣਗਤਿ ਸਭ ਨਾਮ ਹੀ ਨਾਮ ਹੈ । ਪਰ ਗੁਰਦੀਖਿਆ ਮਈ ਗੁਰਪ੍ਰਸਾਦ ਪ੍ਰਾਪਤ ਹੋਣ ਪਰ ਹੀ, ਅਤੇ ਨਿਗੁਰਿਓਂ ਸੁਗੁਰੇ ਹੋਣ ਕਰਿ ਹੀ ਇਤ ਬਿਧ ਇਹ ਨਾਮ ਧਿਆਇ ਹੁੰਦਾ ਹੈ ਅਤੇ ਇਸੇ ਗੁਰਮਤਿ ਜੁਗਤਿ ਬਿਧੀ ਕਰਿ ਦੀਖਿਅਤ ਨਾਮ ਧਿਆਇਆਂ ਹੀ ਸੱਚੀ ਲਿਵਤਾਰ ਡੋਰੀ ਹਰਿ ਚਰਨ ਕੰਵਲ ਵਿਖੇ ਲਗਦੀ ਹੈ । ਐਨ ਇੰਨ ਬਿੰਨ ਇਹੋ ਭਾਵ ਦਰਸਾਇਣੀ ਹੀ ਵਾਰ ਸਾਰੰਗ ਦੀ "ਨਾਇ ਸੁਣਿਐ" ਵਾਲੀ ਇਹ ਪਉੜੀ ਹੈ :

ਨਾਇ ਸੁਣਿਐ ਮਨੁ ਰਹਸੀਐ ਨਾਮੇ ਸਾਂਤਿ ਆਈ ॥ ਨਾਇ ਸੁਣਿਐ ਮਨੁ ਤ੍ਰਿਪਤੀਐ ਸਭ ਦੁਖ ਗਵਾਈ ॥
ਨਾਇ ਸੁਣਿਐ ਨਾਉ ਊਪਜੈ ਨਾਮੇ ਵਡਿਆਈ ॥ ਨਾਮੇ ਹੀ ਸਭ ਜਾਤਿ ਪਤਿ ਨਾਮੇ ਗਤਿ ਪਾਈ ॥
ਗੁਰਮੁਖਿ ਨਾਮੁ* ਧਿਆਈਐ ਨਾਨਕ ਲਿਵ ਲਾਈ ॥੬॥ ਸਾਰੰਗ ਕੀ ਵਾਰ ਮ: ੪, ਪੰਨਾ ੧੨੩੯

ਇਸ ਵਾਰ (ਰਾਗ ਸਾਰੰਗ) ਦੀ ਅਗਲੀ "ਨਾਇ ਸੁਣਿਐ" ਵਾਲੀ ਪਉੜੀ (ਸੱਤਵੀਂ) ਅੰਦਰ ਨਾਮ ਸੁਣਨ ਦੇ ਪਾਰਸ-ਰਸਾਇਣੀ-ਫਲ ਪਰਮਾਰਥ ਦਰਸਾਇ ਕੇ ਛੇਕੜਲੀ ਤੁਕ—

"ਗੁਰਮਤਿ ਨਾਉ ਪਾਈਐ ਨਾਨਕ ਗੁਣ ਗਾਵੈ ॥੭॥"

ਵਿਚ ਸਾਫ਼ ਫ਼ੈਸਲਾ ਕਰ ਦਿਤਾ ਹੈ ਕਿ ਐਸਾ ਫਲ-ਪ੍ਰਦਾਇਣੀ ਪਾਰਸ-ਸ਼ਕਤ-ਵਾਲਾ ਨਾਮ ਕੇਵਲ ਗੁਰਮਤੀ (ਗੁਰਮਤਿ ਦੁਆਰਾ) ਹੀ ਪਾਇਆ ਜਾ ਸਕਦਾ ਹੈ ਅਤੇ ਗੁਰਮਤਿ ਦੁਆਰਾ ਹੀ ਨਾਮ ਨਾਮੀ ਦੇ ਗੁਣ, ਸੱਚੇ ਗੁਣ ਗਾਏ ਜਾ ਸਕਦੇ ਹਨ, ਹੋਰ ਕਿਸੇ ਬਿਧ ਨਹੀਂ। ਫੇਰ "ਨਾਇ ਸੁਣਿਐ" ਦੀ ਇਜੇਹੀ ਬਰਕਤ ਨਿਰੂਪਨੀ ਅਗਲੇਰੀ ਪਉੜੀ (ਅੱਠਵੀਂ) ਭੀ ਅੰਧੇਰ ਬਿਨਾਸ਼ਕ, ਘਟਿ ਚਾਨਣ ਮਈ ਨੂਰ ਅੰਤਰਿ-ਆਤਮੇ ਪ੍ਰਜੁਲਤ ਹੋਣ, ਆਦਿਕ ਨਾਮ ਸੁਣਨ ਦੇ ਵੇਕੋ ਵੇਕੀ ਬਿਸਮ ਬਿਨੋਦੀ ਜ਼ਹੂਰ ਪ੍ਰਗਟਾਉਂਦੀ ਹੋਈ ਅੰਤਲੀ ਤੁਕ—

"ਨਾਨਕ ਨਾਇ ਸੁਣਿਐ ਮੁਖ ਉਜਲੇ ਨਾਉ ਗੁਰਮੁਖਿ ਧਿਆਵੈ ॥੮॥"

ਵਿਚ ਇਹ ਸਿੱਟਾ ਕਢਦੀ ਹੈ ਕਿ ਉਹ ਨਾਮ, ਜਿਸ ਦੇ ਸੁਣਨ ਕਰਕੇ ਮੁਖ ਉਜਲੇ ਹੁੰਦੇ ਹਨ (ਈਹਾਂ ਊਹਾਂ ਲੋਕ ਪਰਲੋਕ ਵਿਖੇ, ਗੁਰੂ ਘਰ ਦਾ, ਅਰਥਾਤ, ਗੁਰ ਉਪਦੇਸਿਆ ਗੁਰਮੁਖਿ ਹੀ ਧਿਆਉਂਦਾ ਹੈ । ਮਨਮੁਖਾਂ, ਗੁਰੂ ਤੇ ਬੇ-ਮੁਖਾਂ ਤੋਂ ਇਹ ਨਾਮ ਨਹੀਂ ਧਿਆਇਆ ਜਾਂਦਾ । "ਨਾਇ ਸੁਣਿਐ" ਅਤੇ "ਗੁਰਮੁਖਿ ਧਿਆਵੈ" ਇਕੋ ਤੁਕ ਅੰਦਰ ਇਹ ਦੋਈ ਗੱਲਾਂ ਵ੍ਰਿੱਦਤ ਹਨ । ਗੁਰਮੁਖਿ ਨਾਮ-ਅਭਿਆਸੀ ਨਾਮ ਸੁਣਦਾ ਹੈ ਤਾਂ ਭੀ ਧਿਆਉਂਦਾ ਹੈ, ਨਾਮ ਧਿਆਉਂਦਾ ਹੈ ਤਾਂ ਭੀ ਸੁਣਦਾ ਹੈ ।

ਸਾਰੰਗ ਵਾਰ ਦੀ "ਨਾਇ ਮੰਨਿਐ" ਨਿਰੂਪਨੀ ਦਸਵੀਂ ਪਉੜੀ ਦੀ ਤੀਜੀ ਤੁਕ—

"ਨਾਇ ਮੰਨਿਐ ਸੁਣਿ ਉਧਰੇ ਜਿਨ੍ ਰਸਨ ਰਸਾਇਆ ॥"

ਇਸ ਗੁਰਮਤਿ ਗੂੜ੍ਹ ਗੱਲ ਦਾ ਭਾਵ ਖੋਲ੍ਹਦੀ ਹੈ ਕਿ ਗੁਰਮਤਿ ਨਾਮ ਨੂੰ ਜੋ ਸੁਣਦਾ ਹੈ, ਅਰਥਾਤ, ਗੁਰਮੰਤ੍ਰ ਨੂੰ ਗੁਰੂ ਦੁਆਰਿਓਂ ਜੋ ਪੂਰਨ ਗੁਰਮਤਿ-ਜੁਗਤਿ-ਬਿਧੀ ਪੂਰਬਕ ਲੈਂਦਾ ਹੈ, ਓਸੇ ਨੂੰ ਨਾਮ ਦ੍ਰਿੜ੍ਹ ਹੁੰਦਾ ਹੈ । ਇਸੇ ਬ਼ਿਧਿ ਨਾਮ ਦ੍ਰਿੜ੍ਹ ਹੋਣਾ ਨਾਮ ਦਾ ਮੰਨਣਾ ਹੈ, ਨਾਮ ਮੰਨੇ ਜਾਣ ਦਾ ਪ੍ਰਤੱਖ ਸਬੂਤ ਨਾਮ ਦੀ ਰਸ-ਅਭਿਆਸ-ਕਮਾਈ ਕਰਨ ਲਗ ਜਾਣ ਵਿਚ ਹੈ। ਭਾਵ ਤਿਸੈ ਦਾ ਨਾਮ ਮੰਨਣਾ ਪ੍ਰਵਾਣ ਹੈ, ਜੋ ਤਤਕਾਲ ਹੀ ਨਾਮ ਜਪਣ ਲਗ ਗਿਆ । ਜੋ ਨਾਮ ਜਪਣ ਲਗ ਪਿਆ ਉਸ ਨੇ ਨਾਮ ਦੀਖਿਆ ਨੂੰ ਸੱਤ ਕਰਕੇ ਮੰਨ ਲਿਆ । ਨਾਮ ਜਦੋਂ ਰਸਨਾ ਵਿਚ ਰਸ ਜਾਂਦਾ ਹੈ, ਉਸ ਆਤਮ ਅਵਸਥਾ ਵਿਚ ਨਾਮ ਰਸਨ-ਰਸ-ਰਸੀਆ ਨਾਮ-ਜਾਪ ਦੇ ਨਾਲੋ ਨਾਲ ਨਾਮ ਅਭਿਆਸ ਦੀ ਧੁਨੀ ਭੀ ਅੰਤਰਗਤਿ ਸੁਣਦਾ ਰਹਿੰਦਾ ਹੈ । ਇਸ ਧੁਨੀ ਵਿਚ ਸਰਵਣ ਰਚੇ ਰਸੇ ਰਹਿੰਦੇ ਹਨ, ਅਤੇ ਜਿਹਬਾ ਜਾਪ ਵਿਖੇ ਰਸ-ਰਚੰਨੀ ਹੋਈ ਰਹਿੰਦੀ ਹੈ । ਇਸ ਬਿਧਿ ਅੰਤਰਗਤਿ ਰਸਨ-ਰਸੰਨਾ ਅਤੇ ਸਰੋਤ-ਸੁਣਨ-ਸੁਰਤੰਨਾ ਨਾਮ ਅਭਿਆਸ ਦੇ ਅਭਿਆਸੀ ਜਨ ਦਾ ਆਤਮ-ਉਧਾਰ ਹੋ ਜਾਂਦਾ ਹੈ । ਏਸੇ ਪਉੜੀ ਦੀ ਅੰਤਲੀ ਤੁਕ—

*ਗੁਰਮੁਖਿ ਨਾਮੁ—ਵਾਹਿਗੁਰੂ ਨਾਮੁ



www.AKJ.Org

"ਨਾਨਕ ਨਾਮੁ ਤਿਨੀ ਸਲਾਹਿਆ ਜਿਨ ਗੁਰੂ ਮਿਲਾਇਆ ॥"

ਏਸ ਗੁਰਮਤਿ ਅਸੂਲ ਦਾ ਨਿਗਰ ਨਿਰਣਾ ਫੇਰ ਕਰਦੀ ਹੈ ਕਿ ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਸਿਫਤਿ ਸਾਲਾਹ ਤਿਨ੍ਹਾਂ ਤੋਂ ਹੀ ਹੋਇ ਆਵੰਦੀ ਹੈ, ਜਿਨ੍ਹਾਂ ਨੂੰ ਗੁਰੂ ਮਿਲ ਗਿਆ, ਅਰਥਾਤ, ਜਿਨ੍ਹਾਂ ਨੇ ਸੱਚੇ ਗੁਰੂ ਸਤਿਗੁਰੂ ਨੂੰ ਧਾਰਨ ਕਰ ਲਿਆ ਹੈ। ਗੁਰੂ-ਹੀਣਿਆਂ, ਮੀਣਿਆਂ, ਨਿਗੁਰੇ ਪੁਰਸ਼ਾਂ ਨੂੰ ਇਹ ਸਿਫਤਿ ਸਾਲਾਹ ਪ੍ਰਾਪਤ ਹੀ ਨਹੀਂ ਹੁੰਦੀ। ਨਾ ਹੀ ਨਿਗੁਰਿਆਂ ਤੋਂ ਨਾਮ ਅਭਿਆਸ ਕਮਾਈ ਹੋ ਸਕਦੀ ਹੈ।

ਵਾਰ ਸਾਰੰਗ ਦੀ ('ਨਾਇ ਮੰਨਿਐ' ਵਾਲੀ) ਗਿਆਰਵੀਂ ਪਉੜੀ ਦੀ ਅੰਤਲੀ ਤੁਕ–

"ਨਾਨਕ ਨਾਮੁ ਰਤੰਨੁ ਹੈ ਗੁਰਮੁਖਿ ਹਰਿ ਧਿਆਇਆ ॥"

ਭੀ ਇਹ ਗੁਰਮਤਿ-ਨਾਮ-ਆਦਰਸ਼ ਨਿਸਚੇ ਕਰਾਉਂਦੀ ਹੈ ਕਿ ਗੁਰਮਤਿ ਨਾਮ ਰੂਪੀ ਅਮੋਲੇ ਰਤਨ ਦੇ ਕੇਵਲ ਗੁਰੂ ਦੇ ਗੁਰਮੁਖਿ ਸਿਖ ਹੀ ਅਭਿਆਸ-ਵਾਪਾਰੀ ਹੋ ਸਕਦੇ ਸਨ। ਮਨਮੁਖ ਏਸ ਰਤਨ-ਵਾਪਾਰ ਦੀ ਸਾਰ ਕੀ ਜਾਨਣ ? 'ਨਾਇ ਮੰਨਿਐ' ਦੀ ਇਸ ਵਾਰ ਵਿਚ ਆਈ ਆਖ਼ਰੀ ਪਉੜੀ (ਬਾਰ੍ਹਵੀਂ) ਦੀ ਆਖ਼ਰੀ ਤੁਕ–

"ਨਾਨਕ ਪੂਰੇ ਗੁਰ ਤੇ ਨਾਉ ਮੰਨਿਐ ਜਿਨ ਦੇਵੈ ਸੋਈ ॥"

ਭੀ ਇਹੋ ਗੁਰਮਤਿ ਸਿਧਾਂਤ ਸਿਧ ਕਰਦੀ ਹੈ ਕਿ ਨਾਉਂ ਮੰਨਣ ਵਾਲਾ ਦ੍ਰਿੜ੍ਹ ਨਿਸਚਾ, ਪੂਰੇ ਗੁਰੂ ਦੇ ਦਰੋਂ ਘਰੋਂ ਦਿਤੀ ਨਾਮ-ਦੀਖਿਆ ਦੁਆਰਾ ਹੀ ਹੋ ਸਕਦਾ ਹੈ, ਪਰ ਜੀਹਨੂੰ ਸਤਿਗੁਰੂ ਪੂਰਾ ਇਹ ਸੱਚੀ ਦਾਤਿ ਦੇਵੇ। ਸਚੀ ਗੁਰੱਤ ਤੋਂ ਉਰੇ ਡਿੰਭੀ ਗੁਰੂ-ਡੰਮੀਏ-ਦੀਖਕਾਂ ਦੇ ਦੁਆਰੇ ਕੁਦੁਆਰੇ ਤੋਂ ਇਹ ਦਾਤਿ ਨਹੀਂ ਨਸੀਬ ਹੁੰਦੀ। ਜੋ ਏਸ ਦਾਤਿ ਤੋਂ ਵਰੋਸਾਏ, ਸੋ ਪੂਰੇ ਸੂਰੇ ਗੁਰੂ ਸਤਿਗੁਰੂ ਨਾਨਕ ਸਾਹਿਬ ਦੇ ਦਰੋਂ ਘਰੋਂ ਹੀ ਵਰੋਸਾਏ ਅਤੇ ਇਸ ਦਾਤਿ ਤੋਂ ਇਸ ਘਰੋਂ ਵਰੋਸਾਏ। ਨਾਮ ਅਭਿਆਸੀ ਗੁਰਮੁਖ ਜਨਾਂ ਨੂੰ 'ਨਾਇ ਸੁਣਿਐ' ਨਾਇ 'ਮੰਨਿਐ' ਦੀਆਂ ਪਉੜੀਆਂ ਵਿਚ ਬਹੁ ਬਹੁ ਭਾਂਤ ਕਰ ਵਿਦਤਾਈ ਨਾਮ ਫਲ ਪਰਦਾਤਨਾ ਦੀ ਸੱਚੀ ਲਭਤਾ ਸੱਚ ਮੁਚ ਪ੍ਰਾਪਤ ਹੋ ਗਈ। ਇਸ ਵਿਚ ਰੰਚਕ ਸੰਦੇਹ ਨਾ ਜਾਣੋ।

'ਮੰਨੇ' ਦੀ ਗਤਿ 'ਸੁਣਿਐ' ਦੇ ਆਸਰੇ ਹੀ ਸਾਲਾਹੁਣ ਜੋਗ ਹੈ, ਜਿਸ ਨੇ ਗੁਰਦੁਆਰਿਓਂ ਨਾਮ ਸੁਣਿਆ ਹੀ ਨਹੀਂ, (ਅਰਥਾਤ ਜਿਸ ਨੇ ਗੁਰਮੰਤ੍ਰ ਰੂਪੀ ਦੀਖਿਆ ਹੀ ਨਹੀਂ ਲਈ) ਉਸ ਨੂੰ ਨਾਮ ਦੇ ਮੰਨਣ ਦੀ ਬਿਧਿ ਗਤਿ ਪ੍ਰਾਪਤ ਹੀ ਨਹੀਂ ਹੋ ਸਕਦੀ। ਹਾਂ ! ਜਿਸ ਨੇ ਨਾਮ ਗੁਰਮੰਤ੍ਰ ਦੀਖਿਆ ਸੁਣ ਕੇ ਮੰਨ ਲਈ ਹੈ, ਉਸ ਦੀ ਨਾਮ ਮੰਨਣ ਦੀ ਗਤਿ ਮਹਿਮਾ ਕਹਿਣ ਕਥਨ ਤੋਂ ਅਪਰ ਅਪਾਰ ਹੈ, ਕਿਉਂਕਿ ਉਹ ਸੁਣਨ-ਮੰਨਣ ਸਾਰ ਹੀ ਨਾਮ ਅਭਿਆਸ ਕਮਾਈ ਵਿਖੇ ਜੁਟ ਜਾਂਦਾ ਹੈ। ਤਾਂ ਤੇ ਨਾਮ ਅਭਿਆਸ ਕਮਾਈ ਕਰਨਹਾਰੇ ਗੁਰਮੁਖ ਜਨਾਂ ਪ੍ਰਥਾਇ ਹੀ "ਮੰਨੇ ਕੀ ਗਤਿ ਕਹੀ ਨ ਜਾਇ" ਵਾਲੀ ਗੁਰ-ਵਡੀਰੜੀ-ਮਹਿਮਾ ਅਸੀਸ, ਲੋਰੀ ਉਚਾਰੀ ਫਬਦੀ ਹੈ, ਸੱਚ ਮੁੱਚ ਤਿਨ੍ਹਾਂ ਦੀ ਗਤਿ ਮਹਿਮਾ ਕਹਿਣ ਕਥਨ ਤੋਂ ਅਗੋਚਰੀ ਹੈ। ਗੁਰੂ ਸਾਹਿਬ ਹੀ ਇਸ ਅਕਥ ਗਤਿ ਮਹਿਮਾ ਨੂੰ ਕਥਨ ਲਈ ਸਮਰੱਥ ਹਨ। ਯਥਾ ਗੁਰਵਾਕ :—

> ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥ ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥ ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥ ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ ॥੧॥..... ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥ ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥ ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥ ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥...॥੩॥
>
> ਸਿਰੀ ਰਾਗੁ ਮ: ੩, ਪੰਨਾ ੨੭

ਇਸ ਗੁਰਵਾਕ ਦੀਆਂ ਪਿਛਲੀਆਂ ਦੁਤੁਕੀਆਂ ਵਿਚੋਂ ਪਹਿਲੀ ਤੁਕ—

"ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥"

ਖ਼ੂਬ ਗਹਿ ਕਰਕੇ ਇਸ ਅਸੂਲ ਨੂੰ ਪ੍ਰਤਿਪਾਦਨ ਕਰਾਉਂਦੀ ਹੈ ਕਿ ਕੇਵਲ ਗੁਰੂ ਕੇ ਸ਼ਬਦ (ਗੁਰਦੀਖਤ


www.AKJ.org

ਗੁਰਮੰਤ੍ਰ) ਦੁਆਰਾ ਸੁਣ ਕੇ ਮੰਨਿਆ ਹੋਇਆ ਨਾਮ ਹੀ ਗੁਰਸਿਖ ਦੇ ਅਭਿਆਸਨ ਧਿਆਵਨ ਜੋਗ ਹੈ। ਬਸ! ਜਿਨ੍ਹਾਂ ਨੇ ਗੁਰ ਦੀਖਿਅਤ ਸ਼ਬਦ ਮੰਤ੍ਰ ਦੁਆਰਾ ਸੁਣ ਕੇ ਹੀ ਨਾਮ ਨੂੰ ਮੰਨਿਆ ਦ੍ਰਿੜ੍ਹ ਕੀਤਾ ਹੈ ਤਿਨ੍ਹਾਂ ਦਾ ਹੀ ਨਾਮ ਧਿਆਵਣ ਪੰਨੇ ਪੈਂਦਾ ਹੈ। ਨਾਮ ਅਭਿਆਸ ਕਮਾਈ ਰੂਪੀ ਸੇਵਾ ਕੀਤੀ ਤਿਨ੍ਹਾਂ ਦੀ ਸਫਲ ਹੈ ਜੋ ਸਤਿਗੁਰੂ ਨੂੰ ਭਾਉਂਦੀ ਹੈ। ਸਤਿਗੁਰੂ ਨੂੰ ਸੋਈ ਸ਼ਬਦ ਕਮਾਈ (ਸੇਵਾ) ਕੀਤੀ ਭਾਉਂਦੀ ਹੈ ਜੋ ਸਤਿਗੁਰੂ ਦੀਖਿਆ ਦੀ ਕਸਉਟੀ ਤੇ ਚੜ੍ਹ ਕੇ ਪੂਰੀ ਉਤਰੇ, ਜਾਂ ਇਤ ਬਿਧੀ ਪੂਰੇ ਗੁਰਮਤਿ ਤੋਲ ਕੀਤੀ ਹੋਈ ਗੁਰ ਦੀਖਿਆ ਆਦਰਸ਼ਤ ਕਮਾਈ ਕੀਤੀ ਜਾਵੇ। ਐਸੀ ਕਮਾਈ ਨਾਮ ਅਭਿਆਸ ਦੀ ਕੀਤੀ ਹੋਈ ਕੋਟਾਨ ਕ੍ਰਿਤ ਕਰੰਮੀ ਅਤੇ ਕੁਕ੍ਰਿਤ ਕਸੰਮਲੀ ਪਾਪਾਂ ਦੇ ਪਹਾੜਾਂ ਨੂੰ ਭੀ ਤੋੜਨ ਭੰਨਣ ਤੇ ਸਮਰੱਥ ਹੈ। ਏਸੇ ਪ੍ਰਥਾਇ ਹੀ ਇਹ ਗੁਰਵਾਕ ਐਨ ਘਟਦਾ ਹੈ :

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥
ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥
ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ ॥
ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ ॥
ਇਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮਨੁ ਭਿੰਨੇ ॥੨੫॥

ਗਉੜੀ ਕੀ ਵਾਰ ਮਹਲਾ ੪, ਪੰਨਾ ੩੧੪

ਹਾਂ ਜੀ! "ਉਪਦੇਸੁ ਜਿ ਦਿਤਾ ਸਤਿਗੁਰੂ", ਜਿਹੜਾ ਉਪਦੇਸ਼ ਸਤਿਗੁਰੂ ਨੇ ਗੁਰਸਿਖਾਂ ਪ੍ਰਤੀ ਦਿਤਾ "ਸੋ ਸੁਣਿਆ ਸਿਖੀ ਕੰਨੇ"। ਸੋਈ ਗੁਰਸਿਖਾਂ ਨੇ, ਸੁਚਿਆਰ ਗੁਰਸਿਖਾਂ ਨੇ ਕੰਨੀਂ ਸੁਣਨਾ ਹੈ ਅਤੇ ਇਸ ਨੂੰ ਦ੍ਰਿੜ੍ਹ ਕਰ ਕੇ ਮੰਨਣਾ ਹੈ। ਜਿਨ੍ਹਾਂ ਨੇ ਇਸ ਬਿਧਿ ਸਤਿਗੁਰੂ ਦਾ ਭਾਣਾ ਮੰਨਿਆ ਹੈ ਤਿਨ੍ਹਾਂ ਦੇ ਮੁਖ ਮਸਤਕ ਉਤੇ ਹੀ ਗੱਜ ਵੱਜ ਕੇ ਅਤੇ ਰੱਜ ਰੱਜ ਕੇ ਨਾਮ ਦਾ ਤੇਜਸੀ ਨੂਰ ਚੜ੍ਹਦਾ ਹੈ। ਸਤਿਗੁਰੂ ਕਾ ਤੱਤ ਭਾਣਾ ਜੋ ਸੱਚੇ ਸਾਹਿਬ ਸਤਿਗੁਰੂ ਆਪਣੇ ਗੁਰਸਿਖਾਂ ਪਾਸੋਂ ਮਨਵਾਉਣਾ ਚਾਹੁੰਦੇ ਹਨ, ਤੇ ਹਰ ਵਕਤ ਮਨਾਉਣਾ ਚਾਹੁੰਦੇ ਹਨ, ਓਹ ਸਤਿਗੁਰੂ ਦਾ ਗੁਰ ਦੀਖਿਆ ਰੂਪੀ ਹੁਕਮ, ਹੁਕਮਾਂ ਸਿਰ ਹੁਕਮ, ਨਾਮ ਜਪਣ ਦਾ ਉਪਦੇਸ਼ ਹੈ। ਸੋ ਜਿਨ੍ਹਾਂ ਗੁਰਸਿਖਾਂ ਨੇ ਏਸ ਹੁਕਮ ਨੂੰ ਮੰਨਿਆ ਹੈ, ਤਿਨ੍ਹਾਂ ਨੇ ਹੀ ਨਾਮ ਅਭਿਆਸ ਦੀ ਕਮਾਈ ਕੀਤੀ ਹੈ ਅਤੇ ਉਸ ਅਤੁਟ ਕਮਾਈ ਦੁਆਰਾ ਉਹ ਨਾਮ ਦੇ ਚਲੂਲੇ ਰੰਗਾਂ ਨਾਲ ਰੰਗੀਜ ਕੇ ਨੂਰੋ ਨੂਰ ਹੋ ਜਾਂਦੇ ਹਨ।

ਗੁਰਮੁਖ ਗੁਰਸਿਖਾਂ ਦੀ ਇਹ ਚਾਲ ਅੱਤ ਨਿਰਾਲੀ ਹੈ ਕਿ ਉਹਨਾਂ ਦਾ ਮਨ ਗੁਰ ਦੀਖਿਆ ਸੁਣ ਕੇ ਹੀ ਭਿਜਦਾ ਹੈ। ਹੋਰ ਕਿਸੇ ਤੇ ਉਹ ਭਿਜਦੇ ਨਹੀਂ, ਨਾ ਹੀ ਅਨਮਤੀਆਂ ਦੀ ਜੋਗ-ਫ਼ਿਲਾਸਫ਼ੀ ਉੱਤੇ ਰੀਝਦੇ ਹਨ ਤੇ ਨਾ ਹੀ ਆਪਣੀਆਂ ਮਨ-ਮੰਨੀਆਂ ਰੀਝਾਂ ਕਾਢਾਂ ਕਢ ਕੇ ਪਸੀਜਦੇ ਹਨ ਅਤੇ ਨਾ ਹੀ ਨਵ-ਕਾਢੂਆਂ ਦੀ ਨਵੀਨ ਫ਼ਿਲਾਸਫ਼ੀ ਉਤੇ ਪਤੀਜਦੇ ਹਨ। ਬਸ :

"ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥"

ਰੂਪੀ ਗੁਰਵਾਕ ਦਾ ਭਾਣਾ ਮੰਨਣ ਵਾਲੇ ਗੁਰਸਿਖ ਹੀ ਤਤ ਵਾਸਤਵੀ ਨਾਮ ਅਭਿਆਸ ਕਮਾਈਆਂ ਕਰਦੇ ਹਨ; ਹੋਰ ਐਵੇਂ ਧੰਦ ਹੀ ਪਿਟਦੇ ਹਨ। ਤੱਤ ਕਮਾਈਆਂ ਕਰਨਹਾਰਿਆਂ ਦਾ ਮਨ ਤਨ ਨਿਰਮਲ ਕੰਚਨ ਸੋਵਿੰਨਾ ਹੋ ਜਾਂਦਾ ਹੈ, ਕਿਉਂਕਿ ਉਹ ਅਨਦਿਨ (ਦਿਨ ਰਾਤ) ਭਗਤੀ ਵਿਚ ਰਤੇ ਰਹਿੰਦੇ ਹਨ। ਇਸ ਪ੍ਰਕਾਰ--

"ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ"

ਜਿਨ੍ਹਾਂ ਨੇ ਨਾਮ ਨੂੰ ਸੁਣ ਕੇ ਮੰਨਿਆ ਹੈ, ਤਿਨ੍ਹਾਂ ਦਾ ਹੀ ਅਕਾਲ ਪੁਰਖ ਦੇ ਜੋਤੀ ਸਰੂਪ ਰੂਪੀ ਆਪਣੇ ਅਸਲੀ ਘਰ ਵਿਚ ਨਿਵਾਸ ਹੋਇਆ ਹੈ। [ਚਲਦਾ]

["ਗੁਰਮਤਿ ਨਾਮ ਅਭਿਆਸ ਕਮਾਈ" ਪੁਸਤਕ ਵਿਚੋਂ


www.AKJ.Org

ਗੁਰਮਤੀ ਕਦਰਾਂ–

# ਪਰਉਪਕਾਰ ਨਿਤ ਚਿਤਵਤੇ

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਪਟਿਆਲਾ]

ਇਸ ਮਾਦੀ ਦੁਨੀਆ ਵਿਚ ਜੀਵ ਨਿਜੀ ਲੋੜਾਂ ਦੀ ਪੂਰਤੀ ਵਿਚ ਅਤੇ ਨਿਜ-ਸਵਾਰਥਾਂ ਵਿਚ ਹੀ ਕਮਲਾ ਹੋਇਆ ਭਟਕ ਰਿਹਾ ਹੈ। ਉਸ ਨੂੰ ਕਿਸੇ ਦੂਜੇ ਦੇ ਦੁਖੜਿਆਂ ਦੀ ਸਾਰ ਹੀ ਨਹੀਂ। ਮਨੁਖ ਮਾਤਰ ਦਾ ਭਲਾ ਕਰਨਾ, ਬੇ-ਸਹਾਰਿਆਂ ਨੂੰ ਸਹਾਰਾ ਦੇਣਾ ਅਤੇ ਲੋੜਵੰਦਾਂ ਦੀਆਂ ਲੋੜਾਂ-ਥੋੜਾਂ ਪੂਰੀਆਂ ਕਰਨੀਆਂ 'ਪਰਉਪਕਾਰ' ਕਰਨਾ ਹੈ। ਹਰੇਕ ਧਰਮ ਦੂਜਿਆਂ ਦਾ ਭਲਾ ਕਰਨਾ ਸਿਖਾਂਦਾ ਹੈ। ਪਰ ਅੱਜ ਦਾ ਮਨੁੱਖ ਖ਼ੁਦਗਰਜ਼ੀਆਂ ਦੀ ਪੂਰਤੀ ਲਈ ਹੈਵਾਨ ਤੋਂ ਭੀ ਬੁਰੇ ਕਰਤੱਵ ਕਰ ਰਿਹਾ ਹੈ।

ਪ੍ਰੋਫੈਸਰ ਸਾਹਿਬ ਦੇ ਇਸ ਲੇਖ ਵਿਚ ਦੋ ਗੱਲਾਂ ਨਿਰਣੈ ਕੀਤੀਆਂ ਗਈਆਂ ਹਨ—(ੳ) ਮਨੁਖ ਪਰਉਪਕਾਰ ਕਿਉਂ ਕਰਦਾ ਹੈ, ਅਤੇ (ਅ) ਗੁਰਬਾਣੀ ਇਸ ਸੰਬੰਧ ਵਿਚ ਕੀ ਸੇਧ ਬਖਸ਼ ਰਹੀ ਹੈ। —ਸੰਪਾਦਕ

ਪਰਉਪਕਾਰ ਜਾਂ ਦੂਜਿਆਂ ਦਾ ਭਲਾ ਸੋਚਣਾ ਜਾਂ ਕਰਨਾ ਮਨੁਖ ਦੀ ਅਜਿਹੀ ਰੁਚੀ ਹੈ ਜੋ ਜੁਗਾਂ ਤੋਂ ਉਸਦੇ ਨਾਲ ਜੰਮੀ ਤੇ ਪਲੀ। ਮਨੁਖ ਦਾ ਮਨੁਖ ਦੀ ਭਲਾਈ ਲਈ ਨਿਰਸਵਾਰਥ ਹੋ ਕੇ ਕੰਮ ਕਰਨਾ, ਜਾਂ ਮਨੁਖ ਦਾ ਆਪਣੇ ਤੋਂ ਹੇਠਲੀਆਂ ਜੂਨਾਂ ਦਾ ਭਲਾ ਚਿਤਵਣਾ ਤੇ ਕਰਨਾ ਕੁਦਰਤ ਨੇ ਪ੍ਰਾਣੀ ਮਾਤਰ ਦੇ ਸੁਭਾਅ ਅੰਦਰ ਪਾਇਆ ਹੋਇਆ ਹੈ। ਖ਼ਰੈਤੀ ਹਸਪਤਾਲ, ਜਿਥੇ ਮਰੀਜ਼ਾਂ ਨੂੰ ਮੁਫ਼ਤ ਦਵਾਈ ਦਿੱਤੀ ਜਾਂਦੀ ਹੈ; ਯਤੀਮਖ਼ਾਨੇ, ਜਿਥੇ ਅਨਾਥ ਬੱਚਿਆਂ ਦੀ ਸੰਭਾਲ ਕੀਤੀ ਜਾਂਦੀ ਹੈ; ਮੁਫ਼ਤ ਵਿਦਿਆ ਜਾਂ ਸਿਖਲਾਈ ਕੇਂਦਰ, ਸੇਵਾ-ਸੰਮਤੀਆਂ, ਜੋ ਨਗਰ ਨਿਵਾਸੀਆਂ ਦੀ ਕਈ ਪ੍ਰਕਾਰ ਦੀ ਸੇਵਾ ਕਰਦੀਆਂ ਹਨ; ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਰੈਡ-ਕਰਾਸ ਸੁਸਾਇਟੀਆਂ, ਇਹ ਸਭ ਸੰਕੇਤ ਦਿੰਦੇ ਹਨ ਕਿ ਪਰਉਪਕਾਰ ਦੇ ਪਿਛੇ ਕੋਈ ਮਾਨਸਿਕ ਵੇਦਨਾ ਹੈ, ਜੋ ਮਨੁਖ ਨੂੰ ਮਨੁਖ ਦੀ ਸੇਵਾ ਲਈ ਪ੍ਰੇਰਦੀ ਹੈ। ਅਤੇ ਇਸੇ ਪ੍ਰਕਾਰ ਭਾਰਤ ਵਿਚ ਅਨਾਥ ਗਊਆਂ ਲਈ ਗਊ-ਸ਼ਾਲਾਵਾਂ ਭੀ ਇਸੇ ਰੁਚੀ ਦਾ ਪ੍ਰਗਟਾਵਾ ਕਰਦੀਆਂ ਹਨ। ਪਰ ਸਵਾਲ ਇਹ ਹੈ ਕਿ ਕੋਈ ਪਰਉਪਕਾਰ ਕਿਉਂ ਕਰਦਾ ਹੈ?

ਮਨੁਖ ਦੇ ਧੁਰ ਅੰਦਰ ਵਾਹਿਗੁਰੂ ਜੀ ਨੇ 'ਦਇਆ' ਬੀਜ ਰੂਪ ਵਿਚ ਪਾ ਦਿੱਤੀ ਹੋਈ ਹੈ। ਪਰਉਪਕਾਰ ਦਇਆ ਦਾ ਬਾਹਰਮੁਖੀ ਸਰੂਪ ਹੈ। ਜਿਸ ਹਿਰਦੇ ਵਿਚ ਜਿਉਂ ਜਿਉਂ ਦਇਆ ਦੀ ਮਾਤਰਾ ਵਧਦੀ ਜਾਵੇਗੀ, ਉਹ ਮਨੁਖ ਤਿਉਂ ਤਿਉਂ ਧਰਮ ਦੀ ਭਾਵਨਾ ਅਧੀਨ ਵਧੇਰੇ ਪਰਉਪਕਾਰੀ ਹੁੰਦਾ ਜਾਏਗਾ। ਜਿਸ ਮਨੁਖ ਨੂੰ ਪਰਉਪਕਾਰ ਕਰਨ ਦੀ ਅੰਦਰੋਂ ਪ੍ਰੇਰਨਾ ਨਹੀਂ ਹੁੰਦੀ, ਉਸ ਅੰਦਰ, ਜਾਣੋ, ਦਇਆ ਦਾ ਬੀਜ ਅਜੇ ਸਫ਼ੁਟ ਨਹੀਂ ਹੋਇਆ। ਇਹ ਨਿਸਚੇ ਜਾਣੋ ਕਿ ਪਾਖੰਡੀ ਮਨੁਖ ਵਿਖਾਵੇ ਲਈ ਜੋ ਪਰਉਪਕਾਰ ਦਾ ਢੌਂਗ ਰਚਦੇ ਹਨ, ਉਸ ਦਾ ਸਾਈਂ ਦੇ ਦਰਬਾਰ ਵਿਚ ਕੌਡੀ ਮੁਲ ਨਹੀਂ ਪੈਂਦਾ।

ਪਰਉਪਕਾਰੀ ਲਈ ਧਰਮੀ ਹੋਣਾ ਲਾਜ਼ਮੀ ਹੈ, ਨਹੀਂ ਤੇ ਪਰਉਪਕਾਰ ਹੋ ਹੀ ਨਹੀਂ ਸਕਦਾ। ਪਰਉਪਕਾਰ ਕਰਦਿਆਂ ਜੇ ਕਰ ਮਨ ਅੰਦਰ ਦਇਆ ਦੀ ਬਜਾਏ ਆਪਣੀ ਸ਼ੋਭਾ ਦੀ ਲਾਲਸਾ ਕੰਮ ਕਰ ਰਹੀ ਹੋਵੇ ਤਾਂ ਇਸ ਨੂੰ ਗੁਰਮਤਿ ਵਿਚ ਪਰਉਪਕਾਰ ਜਾਂ ਧਰਮ ਨਹੀਂ ਮੰਨਿਆ ਗਿਆ। ਜਿਵੇਂ–

ਧਰਮੀ ਧਰਮੁ ਕਰਹਿ, ਗਾਵਾਵਹਿ, ਮੰਗਹਿ ਮੋਖਦੁਆਰੁ ॥੨॥੧੧॥ (ਆਸਾ ਕੀ ਵਾਰ ਮ: ੧–੪੬੯)

ਜੇਕਰ ਧਰਮੀ ਲੋਕ ਆਪਣੇ ਵਲੋਂ ਕੀਤੇ ਧਰਮ ਜਾਂ ਪਰਉਪਕਾਰ ਨੂੰ ਗਾਵਾਉਂਦੇ ਹਨ, ਭਾਵ ਉਸਦੀ ਮੁਨਾਦੀ (Publicity) ਜਾਂ ਪਰਚਾਰ ਕਰਵਾਉਂਦੇ ਹਨ ਅਤੇ ਉਸ ਦੇ ਬਦਲੇ ਵਿਚ ਮੁਕਤੀ ਦਾ ਦਰ ਮੰਗਦੇ ਹਨ ਤਾਂ (ਇਸ ਸਮੁਚੇ ਸ਼ਬਦ ਦੇ ਭਾਵ ਅਨੁਸਾਰ) ਉਹਨਾਂ ਨੂੰ ਪਰਉਪਕਾਰ ਕਰਨ ਦੀ ਅਜੇ ਜਾਚ ਨਹੀਂ ਆਈ। ਇਸ ਸਾਰੇ ਸਲੋਕ ਵਿਚ ਸਤਿਗੁਰੂ ਜੀ ਸਮਕਾਲੀ ਗਿਆਨੀ, ਪੰਡਿਤ, ਕਹਿੰਦੇ-ਕਹਾਉਂਦੇ ਧਰਮੀ ਅਤੇ ਜਤੀਆਂ ਦਾ ਜ਼ਿਕਰ ਕਰਦੇ ਹੋਏ ਅੰਤ ਵਿਚ ਟਿਪਣੀ ਦਿੰਦੇ ਹੋਏ ਫੁਰਮਾਉਂਦੇ ਹਨ :–

ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥

ਪਰ– ਪਤਿ ਪਰਵਾਣਾ ਪਿਛੈ ਪਾਈਐ, ਤਾ ਨਾਨਕ ਤੋਲਿਆ ਜਾਪੈ ॥੨॥੧੧॥ (੪੬੯)



www.AKJ.Org

ਪਰਉਪਕਾਰ ਤਾਂ ਹੀ ਪਰਵਾਣ ਪੈਂਦਾ ਹੈ ਜੇ ਸਾਈਂ ਦੇ ਦਰਬਾਰ ਉਸਦਾ ਮੁਲ ਪਵੇ, ਨਹੀਂ ਤਾਂ ਨਹੀਂ। ਪਤਿ ਤੋਂ ਭਾਵ ਹੈ ਇੱਜ਼ਤ। ਪਰਵਾਣਾ ਦੇ ਅਰਥ ਹਨ ਭਾਰ ਤੋਲਣ ਦਾ ਵੱਟਾ। ਦਰਗਾਹ ਵਿਚ ਹਰ ਮਨੁਖ ਦੇ ਕਿਰਦਾਰ ਨੂੰ ਉਥੋਂ ਦੇ ਨਾਪ ਤੋਲ ਨਾਲ ਤੋਲਿਆ ਜਾਂਦਾ ਹੈ।

ਪੁਰਾਤਨ ਭਾਰਤ ਦਾ ਇਕ ਬਹੁਤ ਵੱਡਾ ਪਰਉਪਕਾਰੀ ਰਾਜਾ ਹਰੀਸ਼ ਚੰਦ ਹੋਇਆ ਹੈ, ਜਿਸਨੂੰ ਅੱਜ ਭੀ ਹਿੰਦੂ ਇਕ ਮਹਾਨ ਦਾਨੀ ਤੇ ਪਰਉਪਕਾਰੀ ਦਾ ਆਦਰਸ਼ ਮੰਨਦੇ ਹਨ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਾਰਖੂ ਨਜ਼ਰ ਨੇ ਉਸਦੇ ਕੀਤੇ ਪਰਉਪਕਾਰ ਦਾ ਕਿਤਨਾ ਸਹੀ ਮੁਲਾਂਕਣ ਕੀਤਾ ਹੈ—

ਹਰੀਚੰਦੁ ਦਾਨੁ ਕਰੈ, ਜਸੁ ਲੇਵੈ ॥ ਬਿਨੁ ਗੁਰ ਅੰਤੁ ਨ ਪਾਇ ਅਭੇਵੈ ॥੩॥੯॥(ਗਉੜੀ ਮ: ੧,ਪੰਨਾ ੨੨੪)

ਭਾਵ, ਉਸਦੇ ਸਮੁਚੇ ਦਾਨ ਕਰਨ ਅਤੇ ਪਰਉਪਕਾਰ ਪਿਛੇ ਲੋਕਾਂ ਤੋਂ 'ਵਾਹ ਵਾਹ' ਲੈਣ ਦੀ ਭੁੱਖ ਸੀ। ਪਰ ਆਤਮ-ਪਾਂਧੀ ਲਈ ਇਹ ਇਕ ਵੱਡਾ ਅਉਗਣ ਹੈ। ਇਕ ਥਾਂ ਹੋਰ ਬੜਾ ਸਪੱਸ਼ਟ ਕਰਕੇ ਸ੍ਰੀ ਗੁਰੂ ਜੀ ਫੁਰਮਾਉਂਦੇ ਹਨ :–

ਕੋਈ ਜਾਣਿ ਨ ਭੂਲੈ ਭਾਈ ॥ ਸੋ ਭੂਲੈ ਜਿਸੁ ਆਪਿ ਭੁਲਾਏ, ਬੂਝੈ ਜਿਸੈ ਬੁਝਾਈ ॥੨॥੧॥ਰਹਾਉ॥
ਤਿਨਿ ਹਰੀ ਚੰਦਿ ਪ੍ਰਿਥਮੀਪਤਿ ਰਾਜੈ, ਕਾਗਦਿ ਕੀਮ ਨ ਪਾਈ ॥
ਅਉਗਣੁ ਜਾਣੈ ਤ ਪੁੰਨ ਕਰੇ ਕਿਉ, ਕਿਉ ਨੇਖਾਸਿ ਬਿਕਾਈ ॥੨॥ [ਪ੍ਰਭਾਤੀ ਮ: ੧–੧੩੪੪

ਭਾਵ, ਜੇ ਉਸਨੂੰ ਪਹਿਲਾਂ ਤੋਂ ਪਤਾ ਹੁੰਦਾ ਕਿ ਮੇਰਾ ਇਸ ਪ੍ਰਕਾਰ ਦਾ ਪੁੰਨ ਕਰਨਾ ਦਰਗਾਹ ਵਿਚ ਅਉਗਣ ਮੰਨਿਆ ਜਾਂਦਾ ਹੈ ਤਾਂ ਉਹ ਇਸ ਤੋਂ ਬਚਦਾ ਤੇ ਆਪਣੇ ਆਪ ਨੂੰ ਮੰਡੀ ਵਿਚ ਵਿਕਣ ਤਾਂ ਬਚਾਅ ਲੈਂਦਾ।

ਸੱਚ ਹੈ, ਬਿਨਾਂ ਸਤਿਗੁਰੂ ਦੀ ਸੱਚੀ ਸੁੱਚੀ ਸੋਧ ਦੇ ਕੋਈ ਪਰਉਪਕਾਰ ਕਰ ਹੀ ਕਿਵੇਂ ਸਕਦੈ ? ਇਥੇ ਭਾਈ ਕਨ੍ਹਈਆ ਜੀ ਪਰਉਪਕਾਰੀ ਦਾ ਹਵਾਲਾ ਦੇਣਾ ਉਚਿਤ ਹੋਵੇਗਾ। ਮੈਦਾਨੇ ਜੰਗ ਵਿਚ ਸਜਣ-ਦੁਸ਼ਮਣ ਦੇ ਫਰਕ ਤੋਂ ਉਪਰ ਉੱਠ ਕੇ ਆਪ ਹਰ ਜ਼ਖਮੀ ਦੇ ਮੂੰਹ ਵਿਚ ਪਾਣੀ ਪਾਉਂਦੇ ਫਿਰਦੇ ਸਨ। ਸਿੰਘਾਂ ਨੇ ਕਲਗੀਧਰ ਜੀ ਅਗੇ ਸ਼ਿਕਾਇਤ ਕੀਤੀ ਕਿ ਹਜ਼ੂਰ ਭਾਈ ਕਨ੍ਹਈਆ ਦੁਸ਼ਮਣਾਂ ਨੂੰ ਭੀ ਪਾਣੀ ਪਿਲਾ ਕੇ ਸੁਰਜੀਤ ਕਰ ਰਿਹਾ ਹੈ। ਪੁਛੇ ਜਾਣ ਤੇ ਭਾਈ ਕਨ੍ਹਈਆ ਜੀ ਦਾ ਇਹ ਉਤਰ ਵਿਚਾਰਨ ਜੋਗ ਹੈ, ਸਚੇ ਪਾਤਸ਼ਾਹ ! ਮੈਨੂੰ ਤਾਂ ਮੈਦਾਨੇ ਜੰਗ ਵਿਚ ਹੋਰ ਕੋਈ ਦੂਜਾ ਦਿਸਦਾ ਹੀ ਨਹੀਂ। ਉਥੇ ਤਾਂ "ਜੋ ਦੀਸੈ ਸੋ ਤੇਰਾ ਰੂਪ" ॥੩॥੨॥(ਤਿਲੰਗ ਮ: ੧ ਘਰੁ ੧–੭੨੪)

ਇਹ ਹੁੰਦੀ ਹੈ ਸਚੇ ਪਰਉਪਕਾਰੀ ਦੀ ਆਤਮਕ ਅਵਸਥਾ ! ਜਿਵੇਂ ਭਾਈ ਗੁਰਦਾਸ ਜੀ ਗੁਰਮੁਖਾਂ ਦੇ ਪਰਉਪਕਾਰੀ ਜੀਵਨ ਵਲ ਸੰਕੇਤ ਕਰਦੇ ਹੋਏ ਕਹਿੰਦੇ ਹਨ :–

ਪਰਉਪਕਾਰ ਵੀਚਾਰਿ ਵਿਚਿ, ਜੀਅ ਦੈਆ ਮੋਮ ਵਾਂਗੀ ਢਲਣਾ ॥ (ਵਾਰ ੧੮, ਪਉੜੀ ੧੭)

ਭਾਵ, ਪਰਉਪਕਾਰੀ ਦਾ ਹਿਰਦਾ ਦਇਆ ਕਰਕੇ ਮੋਮ ਹੋਇਆ ਹੋਇਆ ਹੁੰਦਾ ਹੈ।

ਇਸ ਤਰ੍ਹਾਂ ਦਾ ਪਰਉਪਕਾਰੀ ਹੋਣਾ ਇਸ ਗੱਲ ਦੀ ਵੰਨਗੀ ਕਿ ਹੈ। ਇਸ ਦਾ ਖੇਤਰ ਦੂਜਿਆਂ ਦੇ ਸਰੀਰਕ ਸੁਖਾਂ ਤਕ ਸੀਮਤ ਹੁੰਦਾ ਹੈ। ਬੀਮਾਰੀ, ਕੁਦਰਤੀ ਆਫ਼ਤ, ਜ਼ਿੰਦਗੀ ਦੇ ਕਈ ਪ੍ਰਕਾਰ ਦੇ ਉਤਰਾ-ਚੜ੍ਹਾਅ ਵਿਚ ਨਿਰਸਵਾਰਥ ਹੋ ਕੇ ਦੂਜਿਆਂ ਦੀ ਸੇਵਾ ਕਰਨੀ।

ਪਰ ਗੁਰਬਾਣੀ ਇਕ ਹੋਰ ਕਿਸਮ ਦੇ ਪਰਉਪਕਾਰ ਵਲ ਸਾਡਾ ਧਿਆਨ ਦਿਵਾਉਂਦੀ ਹੈ–ਸਰੀਰਕ ਸੁਖ ਤੋਂ ਉਪਰ ਉਠ ਕੇ ਆਤਮਕ ਸੁਖ ਦੇਣਾ ਸਭ ਤੋਂ ਉਤਮ ਪਰਉਪਕਾਰ ਮੰਨਿਆ ਗਿਆ ਹੈ। ਉਹ ਸੰਤ ਸਤ-ਪੁਰਖ ਸਤਿਗੁਰੂ ਸਚਮੁਚ ਮਹਾਨ ਹਨ ਜਿਨ੍ਹਾਂ ਨੂੰ ਵਾਹਿਗੁਰੂ ਜੀ ਵਲੋਂ ਸੰਸਾਰ ਦੇ ਭੁਲੇ ਭਟਕੇ ਲੋਕਾਂ ਨੂੰ ਆਤਮਕ ਸੋਝੀ ਬਖਸ਼ਣ ਦੀ ਡਿਊਟੀ ਮਿਲੀ ਹੋਈ ਹੈ ਅਤੇ ਇਹ ਡਿਊਟੀ ਉਹਨਾਂ ਦੀ ਧੁਰੋਂ ਲਗਾਈ ਗਈ ਹੈ। ਐਸੇ ਸੰਤਾਂ ਬਾਰੇ ਇਉਂ ਫੁਰਮਾਇਆ ਗਿਆ ਹੈ :–

ਮੇਰੇ ਰਾਮ ਹਰਿ ਜਨ ਕੇ ਹਉ ਬਲਿ ਜਾਈ ॥
ਕੇਸਾ ਕਾ ਕਰਿ ਚਵਰੁ ਢੁਲਾਵਾ, ਚਰਣ ਧੂੜਿ ਮੁਖਿ ਲਾਈ ॥੧॥ਰਹਾਉ॥
ਜਨਮ ਮਰਣ ਦੁਹਹੂ ਮਹਿ ਨਾਹੀ, ਜਨ ਪਰਉਪਕਾਰੀ ਆਏ ॥


www.AKJ.org

ਜੀਅ ਦਾਨੁ ਦੇ, ਭਗਤੀ ਲਾਇਨਿ, ਹਰਿ ਸਿਉ ਲੈਨਿ ਮਿਲਾਏ ॥੨॥੫੪॥ (ਸੂਹੀ ਮ: ੫–੭੪੯)

ਲੇਖ ਦੇ ਅਰੰਭ ਵਿਚ ਇਕ ਪ੍ਰਸ਼ਨ ਉਠਾਇਆ ਗਿਆ ਸੀ ਕਿ ਆਖ਼ਰ ਕੋਈ ਪਰਉਪਕਾਰ ਕਿਉਂ ਕਰਦਾ ਹੈ ? ਉੱਤਰ ਦਿਤਾ ਗਿਆ ਸੀ ਕਿ ਦਇਆ ਦਾ ਪ੍ਰੇਰਿਆ ਹੋਇਆ ਹੀ ਮਨੁਖ ਪਰਉਪਕਾਰ ਕਰਦਾ ਹੈ। ਇਥੇ ਗੁਰਬਾਣੀ ਇਕ ਹੋਰ ਸੋਝੀ ਬਖ਼ਸ਼ਦੀ ਹੈ ਕਿ ਅਜਿਹੇ ਪਰਉਪਕਾਰੀ ਜੋ ਜੀਅ ਦਾਨੁ ਦਿੰਦੇ ਹਨ ਤੇ ਵਾਹਿਗੁਰੂ ਜੀ ਨਾਲ ਮੇਲਦੇ ਹਨ, ਸਹੀ ਅਰਥਾਂ ਵਿਚ ਬ੍ਰਹਮ ਦੀ ਸੱਚੀ ਸੁੱਚੀ ਸੂਝ ਰੱਖਣ ਵਾਲੇ ਬ੍ਰਹਮਗਿਆਨੀ ਜਨ ਹੀ ਹਨ, ਜੋ ਹਰੇਕ ਦਾ ਭਲਾ ਲੋਚਦੇ ਹਨ–

ਬ੍ਰਹਮਗਿਆਨੀ ਕੀ ਸਭ ਊਪਰਿ ਮਇਆ ॥ ਬ੍ਰਹਮਗਿਆਨੀ ਤੇ ਕਛੁ ਬੁਰਾ ਨ ਭਇਆ ॥੩॥......

ਬ੍ਰਹਮਗਿਆਨੀ ਕੈ ਗਰੀਬੀ ਸਮਾਹਾ ॥ ਬ੍ਰਹਮਗਿਆਨੀ ਪਰਉਪਕਾਰ ਉਮਾਹਾ ॥੪॥੮॥ (੨੭੨-੭੩)

ਬ੍ਰਹਮਗਿਆਨੀ ਦੇ ਮਨ ਅੰਦਰ ਸਭ ਲਈ ਦਇਆ ਅਤੇ ਨਿਮਰਤਾ ਦਾ ਹੋਣਾ ਇਕ ਸੁਭਾਵਕ ਗੁਣ ਹੈ। ਇਸ ਲਈ ਉਹ ਕਦੀ ਕਿਸੇ ਦਾ ਬੁਰਾ ਨ ਚਿਤਵਦਾ ਅਤੇ ਨਾ ਹੀ ਕਰਦਾ ਹੈ। ਬਸ ਉਸ ਦੇ ਅੰਦਰ ਤਾਂ ਪਰਉਪਕਾਰ ਕਰਨ ਦਾ ਅੰਦਰੋਂ ਹੀ ਚਾਉ ਉਠਦਾ ਹੈ, ਜਿਵੇਂ ਚਸ਼ਮੇ ਦਾ ਜਲ ਆਪਣੇ ਆਪ ਅੰਦਰੋਂ ਫੁਟ ਫੁਟ ਕੇ ਨਿਕਲਦਾ ਹੈ। ਅਤੇ ਜੋ ਪ੍ਰਾਣੀ ਅਜਿਹੇ ਬ੍ਰਹਮਗਿਆਨੀ ਦੇ ਸਤਸੰਗੀ ਬਣਦੇ ਹਨ, ਉਹਨਾਂ ਬਾਰੇ ਇਉਂ ਦਰਸਾਇਆ ਗਿਆ ਹੈ–

ਜੀਅ ਜੰਤ ਸਭਿ ਸੁਖਿ ਬਸੇ, ਸਭ ਕੈ ਮਨਿ ਲੋਚ ॥ ਪਰਉਪਕਾਰ ਨਿਤ ਚਿਤਵਤੇ, ਨਾਹੀ ਕਛੁ ਪੋਚ ॥੨॥
ਧੰਨੁ ਸੁ ਥਾਨੁ, ਬਸੰਤ ਧੰਨੁ, ਜਹ ਜਪੀਐ ਨਾਮੁ ॥
ਕਥਾ ਕੀਰਤਨੁ ਹਰਿ ਅਤਿ ਘਨਾ, ਸੁਖ ਸਹਜ ਬਿਸ੍ਰਾਮੁ ॥੩॥ (ਬਿਲਾਵਲੁ ਮ: ੫–੮੧੫-੧੬)

ਗੁਰੂ ਸਾਧੂ ਦੇ ਨਿਕਟ ਵਸਣ ਵਾਲੇ ਸਤਸੰਗੀ ਧੰਨ ਹਨ ਜੋ ਨਾਮ ਜਪਦੇ, ਹਰਿ ਜਸ ਕਰਦੇ ਸੁਣਦੇ ਹੋਏ ਸੁਖ ਸਹਜ ਅਵਸਥਾ ਨੂੰ ਪ੍ਰਾਪਤ ਹੁੰਦੇ ਹਨ। ਐਸੇ ਸਤਸੰਗੀਆਂ ਦੇ ਮਨ ਵਿਚ ਕਿਸੇ ਕਿਸਮ ਦਾ ਪਾਪ ਜਾਂ ਖੋਟ ਨਹੀਂ ਰਹਿੰਦਾ, ਸਗੋਂ ਉਹ ਸਦਾ ਇਹੋ ਚਿਤਵਦੇ ਹਨ ਕਿ ਕਿਵੇਂ ਕਿਸੇ ਦਾ ਭਲਾ ਕਰ ਸਕਣ। ਉਹ ਲੋਚਦੇ ਹਨ ਕਿ ਸੰਸਾਰ ਦੇ ਸਭ ਜੀਆ ਜੰਤ ਸੁਖੀ ਵਸਣ, ਅਤੇ ਉਹ ਸਤਸੰਗੀ ਭੀ ਸਰਬੱਤ ਦੇ ਭਲੇ ਨੂੰ ਸਦਾ ਚਿਤਵਦੇ ਰਹਿੰਦੇ ਹਨ।

ਸਪੱਸ਼ਟ ਹੈ ਕਿ 'ਗੁਰਮਤਿ' ਪਰਉਪਕਾਰ ਲਈ ਹਰ ਸਿੱਖ ਨੂੰ ਪ੍ਰੇਰਦੀ ਹੈ। ਜੋ ਜੋ ਪ੍ਰਾਣੀ ਗੁਰਬਾਣੀ ਤੇ ਸ਼ਰਧਾ ਰਖਦਾ ਹੈ, ਤੇ ਪਿਆਰ ਨਾਲ ਪੜ੍ਹਦਾ ਹੈ, ਉਸ ਅੰਦਰ ਪਰਉਪਕਾਰ ਦੀ ਚਿਣਗ ਲਗ ਜਾਣੀ ਇਕ ਲਾਜ਼ਮੀ ਗੱਲ ਹੈ। ਜੇ ਬਾਣੀ ਪੜ੍ਹ ਕੇ ਭੀ ਸਾਡੇ ਅੰਦਰ ਪਰਉਪਕਾਰ ਦੀ ਭਾਵਨਾ ਨਹੀਂ ਜਾਗੀ ਤਾਂ ਨਿਸਚੇ ਜਾਣੋ ਕਿ ਅੱਜੇ ਸਾਡਾ ਹਿਰਦਾ ਪਿਆਰ ਨਾਲ ਦ੍ਰਵਿਆ ਨਹੀਂ, ਉਹ ਅਤਿ ਕਠੋਰ ਹੈ। ਹਿਰਦਾ ਬਾਣੀ ਦੇ ਪਿਆਰ-ਭਾਵਨਾ ਵਿਚ ਢਲਣਾ ਚਹੀਦਾ ਹੈ। ਗੁਰੂ ਅਰਜਨ ਦੇਵ ਜੀ ਸੰਕੇਤ ਦਿੰਦੇ ਹਨ–

ਮਿਥਿਆ ਤਨ, ਨਹੀ ਪਰਉਪਕਾਰਾ ॥ ਮਿਥਿਆ ਬਾਸੁ ਲੇਤ ਬਿਕਾਰਾ ॥
ਬਿਨੁ ਬੂਝੇ ਮਿਥਿਆ ਸਭ ਭਏ ॥ ਸਫਲ ਦੇਹ, ਨਾਨਕ, ਹਰਿ ਹਰਿ ਨਾਮ ਲਏ ॥੫॥੫॥

(ਗਉੜੀ ਸੁਖਮਨੀ ਮ: ੫–੨੬੯)

ਪੰਜਵੀਂ ਅਸ਼ਟਪਦੀ ਦੀ ਪੰਜਵੀਂ ਪਉੜੀ ਵਿਚ ਗੁਰੂਦੇਵ ਜੀ ਸਰੀਰ ਦੇ ਵੱਖ ਵੱਖ ਅੰਗਾਂ ਦਾ ਜ਼ਿਕਰ ਕਰਦੇ ਹਨ, ਜਿਵੇਂ ਕੰਨ, ਨੱਕ, ਅੱਖਾਂ, ਰਸਨਾ, ਹੱਥ, ਪੈਰ; ਭਾਵ, ਸਮੁਚਾ ਸਰੀਰ ਵਿਅਰਥ ਹੈ ਜੇਕਰ ਉਹ ਪਰਉਪਕਾਰ ਦੀ ਬਜਾਏ ਵਿਸ਼ੇ ਵਿਕਾਰਾਂ ਵਲ ਲਗ ਰਿਹਾ ਹੈ। ਅੰਤਲੀ ਤੁਕ ਵਿਚ ਆਪ ਨਿਰਣਾ ਕਰ ਦਿੰਦੇ ਹਨ ਕਿ ਅਸਲੀਅਤ ਦੀ ਸੋਝੀ ਆਏ ਤੋਂ ਬਿਨਾਂ, ਮਨੁਖ ਦੇ ਸਰੀਰ ਸਮੇਤ ਸਾਰੇ ਅੰਗ ਵਿਅਰਥ ਹਨ। ਕੇਵਲ ਉਹੀ ਦੇਹ ਸਫਲ ਹੈ, ਜੋ ਨਾਮ ਜਪ ਜਪ ਕੇ ਪਰਉਪਕਾਰ ਕਰਦੀ ਰਹਿੰਦੀ ਹੈ।

ਹੈ ਭੀ ਠੀਕ ! ਸੰਸਾਰ ਵਿਚ ਸੁਸਾ-ਮੁਸਾ ਹੋ ਕੇ ਨਹੀਂ ਜੀਉਣਾ, ਸਗੋਂ ਕੁਝ ਨ ਕੁਝ ਪਰਉਪਕਾਰ ਕਰਦੇ ਰਹਿਣਾ ਹੀ ਦਾਤਾਰ ਦੀ ਸਚੀ ਸੇਵਾ ਹੈ। ਗੁਰ ਉਪਦੇਸ਼ ਹੈ–

ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥੪॥੩॥ (ਸਿਰੀਰਾਗੁ ਮ: ੧, ਪੰਨਾ ੨੬)


www.AKJ.Org

# ਖਾਲਸਈ ਬੋਲੇ

[ਪ੍ਰੋ: ਹਰਨਾਮ ਸਿੰਘ ਜੀ, W-139, ਗਰੇਟਰ ਕੈਲਾਸ਼-1, ਨਵੀਂ ਦਿਲੀ]

ਦਸਮੇਸ਼ ਗੁਰਦੇਵ ਨੇ ਖਾਲਸੇ ਦੀ ਸਾਜਨਾ ਕਰ ਕੇ ਇਸ ਨੂੰ ਦੂਜਿਆਂ ਨਾਲੋਂ ਅੱਡ, ਨਿਆਰਾ ਸਰੂਪ ਪ੍ਰਦਾਨ ਕੀਤਾ। ਖਾਲਸੇ ਦੀ ਬੋਲ ਚਾਲ, ਪਹਿਰਾਵਾ, ਜੀਵਨ-ਜਾਚ, ਰਹਿਣੀ ਬਹਿਣੀ, ਸੋਚਣੀ ਤੇ ਕਥਨੀ ਕਰਨੀ ਸਭ ਕੁਝ ਹੀ ਹੋਰਨਾਂ ਨ਼ਾਲੋਂ ਨਿਆਰੀ ਹੁੰਦੀ ਹੈ। ਹਰ ਪੱਖੋਂ ਨਿਆਰਾ ਹੋਣ ਦੇ ਬਾਵਜੂਦ ਵੀ ਖਾਲਸਾ ਇਕ ਸੱਚਾ ਤੇ ਸੁੱਚਾ ਇਨਸਾਨ ਹੁੰਦਾ ਹੈ।

ਅਸੀਂ ਏਥੇ ਨਿਆਰੇ ਖਾਲਸੇ ਦੇ ਨਿਆਰੇ ਬੋਲਾਂ ਤੇ ਵਿਚਾਰ ਕਰਨੀ ਹੈ।

ਹਰ ਕੌਮ ਤੇ ਹਰ ਤਬਕੇ ਦੇ ਲੋਕਾਂ ਦੀ ਬੋਲਚਾਲ ਦਾ ਢੰਗ ਆਪਣਾ ਹੀ ਹੁੰਦਾ ਹੈ। ਉਸ ਦੀ ਬੋਲਚਾਲ ਤੋਂ ਉਸਦੀ ਸਮੁੱਚੀ ਸ਼ਖਸੀਅਤ ਉਭਰ ਕੇ ਸਾਹਮਣੇ ਆਉਂਦੀ ਹੈ। ਇਸ ਪੱਖੋਂ ਖਾਲਸੇ ਦੇ ਬੋਲੇ ਵੀ ਆਪਣੀ ਵਿਸ਼ੇਸ਼ ਮਹੱਤਤਾ ਰਖਦੇ ਹਨ। ਇਨ੍ਹਾਂ ਨਾਲ ਸਿਖ ਧਰਮ ਦੀ ਮਰਯਾਦਾ ਤੇ ਸਿਖ ਰਹਿਣੀ ਬਹਿਣੀ ਦਾ ਅਨਿਖੜਵਾਂ ਸੰਬੰਧ ਹੈ।

ਖਾਲਸਈ ਬੋਲੇ ਵਿਸ਼ੇਸ਼ ਕਰਕੇ ਜੰਗਾਂ ਜੁੱਧਾਂ ਸਮੇਂ ਘੜੇ ਗਏ ਸਨ, ਜਿਨ੍ਹਾਂ ਨੂੰ ਕੋਡ (Code-word) ਦੇ ਰੂਪ ਵਿਚ ਵਰਤਿਆ ਜਾਂਦਾ ਸੀ ਤੇ ਮਗਰੋਂ ਇਹ ਬੋਲੇ ਖਾਲਸਾ ਜਗਤ ਵਿਚ ਪ੍ਰਚਲਤ ਹੋ ਗਏ ਤੇ ਸਿਖ ਰਹਿਣੀ ਬਹਿਣੀ ਦਾ ਅਟੁਟ ਅੰਗ ਬਣ ਗਏ। ਇਨ੍ਹਾਂ ਬੋਲਿਆਂ ਵਿਚ ਗੂੜ੍ਹਾ ਰਹੱਸ ਵੀ ਹੁੰਦਾ ਹੈ ਤੇ ਵਿਅੰਗ ਵੀ।

ਸਭ ਤੋਂ ਪਹਿਲਾ ਤੇ ਮਹੱਤਵਪੂਰਨ ਬੋਲਾ 'ਸਵਾ ਲ਼ਖ' ਹੈ। ਇਕ ਲਈ ਸਵਾ ਲੱਖ ਬੋਲ ਦੀ ਵਰਤੋਂ ਓਦੋਂ ਸ਼ੁਰੂ ਹੋਈ ਜਦੋਂ ਦਸਮੇਸ਼ ਗੁਰਦੇਵ ਨੇ 'ਸਵਾ ਲਾਖ ਸੇ ਏਕ ਲੜਾਊਂ' ਦਾ ਨਾਅਰਾ ਲਾਇਆ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰਦੇਵ ਨੇ ਆਪਣੇ ਇਕ ਇਕ ਖਾਲਸੇ ਵਿਚ ਸਵਾ ਸਵਾ ਲਖ ਬੰਦਿਆਂ ਦਾ ਮੁਕਾਬਲਾ ਕਰਨ ਦੀ ਵਿਸ਼ਾਲ ਸ਼ਕਤੀ ਭਰ ਦਿਤੀ।

ਬਹੁਤ ਸਾਰੇ ਬੋਲੇ ਨਿਹੰਗ ਸਿੰਘਾਂ ਨੇ ਅਪਣਾ ਲਏ ਹੋਏ ਹਨ। ਜੇਕਰ ਇਕ ਸਵਾ ਲਖ ਹੈ ਤਾਂ ਇਸ ਤੋਂ ਵਧ ਗਿਣਤੀ 'ਫ਼ੌਜਾਂ' ਬਣ ਜਾਂਦੀ ਹੈ। ਪੰਜ ਸਿੰਘ 'ਪੰਜ ਲਖ ਫ਼ੌਜ' ਬਣ ਜਾਂਦੇ ਹਨ।

ਕੁਝ ਬੋਲੇ ਤਾਂ ਵਸਤਾਂ ਦੇ ਗੁਣਾਂ ਨੂੰ ਮੁਖ ਰਖ ਕੇ ਘੜ ਲਏ ਗਏ ਹਨ। ਜਿਵੇਂ ਮਿਰਚਾਂ ਨੂੰ 'ਲੜਾਕੀਆਂ', ਗਲਾਸ ਨੂੰ 'ਬੇ-ਇਤਬਾਰਾ', ਇੰਜਣ ਨੂੰ 'ਤੇਜਾ ਸਿੰਘ', ਗੁੜ ਨੂੰ 'ਸਿਰਜੋੜ' ਤੇ ਖੰਡ ਨੂੰ 'ਚੁਪ' ਆਦਿ ਕਿਹਾ ਜਾਂਦਾ ਹੈ।

ਮੁਗ਼ਲਾਂ ਨਾਲ ਖਾਲਸੇ ਦੀ ਟੱਕਰ ਸ਼ੁਰੂ ਤੋਂ ਹੀ ਰਹੀ। ਇਸ ਲਈ ਖਾਲਸੇ ਨੇ ਮੁਗ਼ਲਾਂ ਦਾ ਮਜ਼ਾਕ ਉਡਾਣ ਲਈ ਕਈ ਵਿਅੰਗਾਤਮਕ ਬੋਲੇ ਪ੍ਰਚਲਤ ਕਰ ਲਏ। ਮੁਗ਼ਲਾਂ ਵੇਲੇ ਰਾਜ-ਦਰਬਾਰ ਵਿਚ ਕਾਜ਼ੀਆਂ ਦਾ ਕਾਫ਼ੀ ਪ੍ਰਭਾਉ ਸੀ ਤੇ ਉਹ ਇਸਲਾਮੀ ਸ਼ਰਾਅ ਅਨੁਸਾਰ ਹਕੂਮਤ ਚਲਾਣ ਲਈ ਹਾਕਮਾਂ ਨੂੰ ਉਲਟੀਆਂ ਸਿਧੀਆਂ ਪਟੀਆਂ ਪੜ੍ਹਾਉਂਦੇ ਰਹਿੰਦੇ ਸਨ। ਇਤਿਹਾਸ ਗਵਾਹ ਹੈ ਕਿ ਖਾਲਸੇ ਦੀਆਂ ਜ਼ਿਆਦਾ-ਤਰ ਸ਼ਹੀਦੀਆਂ ਪਿਛੇ ਇਨ੍ਹਾਂ ਕਾਜ਼ੀਆਂ ਦੀਆਂ ਸ਼ਰਾਰਤ ਭਰੀਆਂ ਸਾਜ਼ਸ਼ਾਂ ਹੀ ਸਨ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਇਨ੍ਹਾਂ ਪਾਪੀਆਂ ਦੀ ਕੁਮੰਤਰਣਾ ਦਾ ਹੀ ਸਿੱਟਾ ਸੀ। ਏਸੇ ਲਈ ਖਾਲਸੇ ਨੇ ਕੁਝ ਬੋਲੇ, ਜਿਵੇਂ ਕਿ ਹਵਾ ਨਿਕਲੇ ਤਾਂ 'ਮੁਗ਼ਲ ਮਾਰਿਆ' ਤੇ ਜੰਗਲ ਜਾਣ ਵੇਲੇ 'ਕਾਜ਼ੀ ਨੂੰ ਰਸਦ' ਦੇਣ ਵਰਗੇ ਬੋਲੇ ਘੜ ਲਏ। ਭਾਵੇਂ ਸ਼ਿਸ਼ਟਾਚਾਰ ਦੇ ਪੱਖੋਂ ਇਹੋ ਜਿਹੇ ਬੋਲੇ ਸੁਰਣੇ ਨਹੀਂ ਲਗਦੇ, ਪਰ ਇਨ੍ਹਾਂ ਪਿੱਛੇ ਇਤਿਹਾਸਕ ਕਾਰਨਾਂ ਨੂੰ ਕਿਵੇਂ ਅਖੋਂ ਓਹਲੇ ਕੀਤਾ ਜਾ ਸਕਦਾ ਹੈ।

'ਚੜ੍ਹਦੀ ਕਲਾ' ਇਕ ਅਤਿਅੰਤ ਹੀ ਮਹੱਤਵਪੂਰਨ ਬੋਲਾ ਹੈ। ਅਰਦਾਸ ਵਿਚ ਹਰ ਗੁਰੂ ਕਾ ਸਿਖ ਦਾਤਾਰ ਪਾਸੋਂ ਹਰ ਰੋਜ਼ ਦਿਨ ਵਿਚ ਕਈ ਵਾਰ 'ਚੜ੍ਹਦੀ ਕਲਾ' ਦੀ ਮੰਗ ਕਰਦਾ ਹੈ। ਇਸ ਨਾਲ ਮਨੋ-ਬਲ ਹਮੇਸ਼ਾ ਹੀ ਉੱਚਾ ਰਹਿੰਦਾ ਹੈ ਤੇ ਹਰ ਔਕੁੜ ਦਾ ਮੁਕਾਬਲਾ ਪੂਰੀ ਹਿੰਮਤ ਨਾਲ ਕੀਤਾ ਜਾ ਸਕਦਾ ਹੈ।

ਦਸਮੇਸ਼ ਗੁਰਦੇਵ ਜੀ ਨੇ ਜਗਤ-ਜੂਠ ਤਮਾਕੂ ਦੀ ਵਰਤੋਂ ਨੂੰ ਇਕ ਘੋਰ ਕੁਰਹਿਤ ਦਸ ਕੇ ਖਾਲਸੇ ਨੂੰ ਇਸ ਤੋਂ ਹਮੇਸ਼ਾ ਬਚੇ ਰਹਿਣ ਦਾ ਉਪਦੇਸ਼ ਦਿਤਾ। ਏਸੇ ਲਈ ਇਸਦੀ ਵਰਤੋਂ ਕਰਨਾ 'ਗਧੀ ਚੁੰਘਣਾ' ਕਿਹਾ





www.AKJ.Org

ਗਿਆ ਹੈ । ਮਨੁਖ ਤਾਂ ਗਾਂ, ਮੱਝ ਜਾਂ ਬੱਕਰੀ ਦਾ ਦੁੱਧ ਹੀ ਪੀਂਦਾ ਹੈ, 'ਗੱਧੀ ਦਾ ਦੁੱਧ' ਤਾਂ ਗੱਧਾ—ਇਨਸਾਨੀਅਤ ਤੋਂ ਗਿਰਿਆ ਮਨੁਖ ਹੀ ਪੀਂਦਾ ਹੋਵੇਗਾ । ਇਸ ਤਰ੍ਹਾਂ ਇਸ ਬੋਲੇ ਨਾਲ ਤਮਾਕੂ ਦੇ ਸੇਵਨ ਨੂੰ ਅਤਿਅੰਤ ਨੀਚ ਕਰਮ ਸਿੱਧ ਕਰ ਕੇ ਦਸਿਆ ਹੈ ।

ਏਸੇ ਤਰ੍ਹਾਂ ਨਸ਼ਿਆਂ ਦੀ ਵਰਤੋਂ ਵੀ ਖਾਲਸਾ ਰਹਿਤ ਬਹਿਤ ਵਿਚ ਵਰਜਿਤ ਹੈ । ਅਜ ਦੇ ਯੁਗ ਵਿਚ ਚਾਹ ਦਾ ਵਰਤਾਰਾ ਬਹੁਤ ਹੀ ਵਧ ਗਿਆ ਹੈ । ਇਸਨੂੰ 'ਫਿਡ-ਫੂਕਣੀ' ਕਹਿ ਕੇ ਇਸਦੇ ਹਾਨੀਕਾਰਕ ਅਸਰ ਵਲ ਧਿਆਨ ਦਿਵਾਇਆ ਗਿਆ ਹੈ ।

ਜੰਗਾਂ ਜੁੱਧਾਂ ਦੇ ਸਮੇਂ ਜਦੋਂ ਖਾਲਸਾ ਫੌਜਾਂ ਨੂੰ ਖਾਣ ਨੂੰ ਕੁਝ ਵੀ ਨਹੀਂ ਸੀ ਮਿਲਦਾ ਤਾਂ ਉਹ 'ਕੜਾਕੇ' ਰਹਿੰਦੇ ਹੋਇ ਵੀ ਦੁਸ਼ਮਣ ਦੇ ਆਹੂ ਲਾਹੀ ਜਾਂਦੇ ਸਨ । ਜਦੋਂ ਖਾਣ ਲਈ ਭੁਜੇ ਛੋਲੇ ਮਿਲਦੇ ਸਨ ਤਾਂ ਸਬਰ ਸੰਤੋਖ ਦੇ ਪੁਤਲੇ ਇਨ੍ਹਾਂ ਨੂੰ 'ਬਦਾਮ' ਕਹਿ ਕੇ ਛਕ ਲੈਂਦੇ ਤੇ ਇਸ ਤਰ੍ਹਾਂ ਧਰਮ ਤੇ ਪਹਿਰਾ ਦਿੰਦੇ ਰਹਿੰਦੇ ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਸਰੀਰਕ ਅਹਾਰ ਦੀਆਂ ਵਸਤਾਂ ਅੰਨ, ਪਾਣੀ, ਬੈਸੰਤਰ, ਲੂਣ ਆਦਿ ਦੀ ਗਿਣਤੀ ਕਰਦਿਆਂ ਪੰਜਵੀਂ ਵਸਤੂ ਘਿਰਤ (ਘਿਓ) ਦਸਿਆ—

'ਪੰਜਵਾਂ ਪਾਇਆ ਘਿਰਤੁ ॥ ਤਾ ਹੋਆ ਪਾਕੁ ਪਵਿਤੁ ॥' [ਆਸਾ ਮਹਲਾ ੧—੪੭੩

ਖਾਲਸੇ ਨੇ ਏਸੇ ਦੇ ਆਧਾਰ ਤੇ ਘਿਉ ਨੂੰ 'ਪੰਜਵਾਂ' ਅਤੇ ਤੇਲ ਨੂੰ ਆਪਣੇ ਬੋਲਿਆਂ ਵਿਚ 'ਛੇਵਾਂ' ਕਹਿ ਕੇ ਪ੍ਰਚਲਤ ਕਰ ਦਿਤਾ । ਏਸੇ ਤਰ੍ਹਾਂ ਦੁਧ ਨੂੰ 'ਸਮੁੰਦਰ' ਕਿਹਾ ਜਾਂਦਾ ਹੈ, ਕਿਉਂਕਿ ਸਮੁੰਦਰ ਉਤੇ ਝਗ ਹੁੰਦੀ ਹੈ ਤੇ ਦੁੱਧ ਉਤੇ ਵੀ ਝਗ—ਮਲਾਈ ਹੁੰਦੀ ਹੈ ।

ਖਾਲਸੇ ਦੇ ਸਾਰੇ ਦੇ ਸਾਰੇ ਬੋਲੇ ਚੜ੍ਹਦੀ ਕਲਾ ਦੇ ਪ੍ਰਤੀਕ ਹਨ । ਜਦੋਂ ਲੰਗਰ ਵਰਤ ਜਾਂਦਾ ਹੈ ਤਾਂ ਖਾਲਸਾ ਇਹ ਨਹੀਂ ਕਹਿੰਦਾ ਕਿ ਲੰਗਰ ਖ਼ਤਮ ਹੋ ਗਿਆ ਹੈ, ਸਗੋਂ ਉਹ ਇਹ ਕਹਿੰਦਾ ਹੈ ਕਿ ਲੰਗਰ 'ਮਸਤਾਨਾ' ਹੋ ਗਿਆ ਹੈ । ਜਦੋਂ ਸੰਗਤ ਵਧੇਰੇ ਹੋਵੇ ਤੇ ਲੰਗਰ ਪੂਰਾ ਨਾ ਹੋਣ ਦਾ ਡਰ ਹੋਵੇ ਤਾਂ ਕਹਿ ਦਿੰਦੇ ਹਨ, "ਖਾਲਸਾ ਜੀ, ਘੂਰ ਕੇ ਛਕੋ", ਅਰਥਾਤ ਘਟ ਨਾਲ ਹੀ ਕੰਮ ਚਲਾਓ ।

ਏਸੇ ਤਰ੍ਹਾਂ ਨਿਹੰਗ ਸਿੰਘ ਸੌਣਾ ਨਹੀਂ ਕਹਿੰਦੇ । ਉਹ 'ਅੜਿੰਗ ਬੜਿੰਗ' ਹੋਣਾ ਕਹਿੰਦੇ ਹਨ, ਕਿਉਂਕਿ ਉਹ ਦਲੀਲ ਦਿੰਦੇ ਹਨ ਕਿ ਸੌਂਦੀ ਤਾਂ ਸੂਰਰੀ ਹੈ, ਖਾਲਸਾ ਤਾਂ ਸਦਾ ਤਿਆਰ ਬਰ ਤਿਆਰ ਹੁੰਦਾ ਹੈ ।

ਇਸ ਤਰ੍ਹਾਂ ਦੇ ਕੁਝ ਹੋਰ ਬੋਲੇ ਵੀ ਹਨ । ਜਿਵੇਂ ਕੇਸਹੀਨ ਨੂੰ 'ਸਫ਼ਾ-ਚੱਟ' ਜਾਂ 'ਸਿਰ ਗੁੰਮ' ਕਹਿੰਦੇ ਹਨ । ਇਸਦਾ ਕਾਰਨ ਇਹ ਹੈ ਕਿ ਖਾਲਸੇ ਲਈ ਕੇਸ ਤਾਂ ਸੁਆਸਾਂ ਵਾਂਗ ਮਹੱਤਵਪੂਰਨ ਹਨ । ਜੇ ਕੇਸ ਨਹੀਂ ਹਨ ਤਾਂ ਸਮਝੋ ਸਿਰ ਹੀ ਨਹੀਂ ਹੈ, ਸਿਰ ਗੁੰਮ ਹੋ ਗਿਆ ਹੈ ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੀਆਂ ਲਿਖਤਾਂ ਵਿਚ ਕਈ ਬੋਲੇ ਆਪ ਘੜ ਕੇ ਵਰਤੇ ਹਨ । ਜਿਵੇਂ 'ਅੰਮ੍ਰਿਤ ਸਿੰਚਾਰ' । ਆਮ ਲੋਕੀ ਅੰਮ੍ਰਿਤ ਪ੍ਰਚਾਰ ਹੀ ਕਹਿੰਦੇ ਹਨ । ਅਸਲ ਵਿਚ ਖੇਤੀ ਦੀ ਪਾਣੀ ਨਾਲ ਸਿੰਚਾਈ ਕਰਨ ਵਾਂਗ ਸਰੀਰ ਵਿਚ ਅੰਮ੍ਰਿਤ ਸਿੰਚਿਆ ਜਾਂਦਾ ਹੈ, ਜੋ ਅੰਮ੍ਰਿਤ ਛਕਣ ਵਾਲੇ ਦੇ ਰਗੋ ਰੇਸ਼ੇ ਵਿਚ ਪਹੁੰਚ ਕੇ ਉਸਨੂੰ ਪ੍ਰਫੁਲਿਤ ਕਰ ਦਿੰਦਾ ਹੈ । ਆਪ ਨੇ ਆਪਣੇ ਨਿਜੀ ਸੇਵਾਦਾਰ ਨੂੰ "ਜਾਨ ਸੁਖਾਲਾ" ਦਾ ਬੋਲਾ ਦਿਤਾ । ਇਹ ਬੋਲ ਵੀ ਢੁਕਵਾਂ ਹੈ, ਕਿਉਂਕਿ ਨਿਜੀ ਸੇਵਾਦਾਰ ਜਾਨ ਨੂੰ ਸੁਖੀ ਬਣਾਈ ਰਖਣ ਵਿਚ ਸਹਾਇਤਾ ਕਰਦਾ ਹੈ ।

ਅਖੰਡ ਕੀਰਤਨੀ ਜਥੇ ਦੇ ਸਿੰਘਾਂ ਨੇ ਇਕ ਹੋਰ ਮਹੱਤਵਪੂਰਨ ਬੋਲਾ 'ਖੰਡਾ ਖੜਕਾਣਾ' ਅਪਣਾਇਆ ਹੋਇਆ ਹੈ । ਜਦੋਂ ਦੋ ਤਿਆਰ ਬਰ ਤਿਆਰ ਸਿੰਘ ਇਕ ਦੂਜੇ ਨੂੰ ਮਿਲਦੇ ਹਨ ਤਾਂ ਉਹ ਫਤਿਹ ਗਜਾ ਕੇ ਤੇ ਪੱਛਮੀ ਢੰਗ ਅਨੁਸਾਰ ਹਥ ਮਿਲਾ ਕੇ ਪਿਛੇ ਨਹੀਂ ਹਟ ਜਾਂਦੇ, ਸਗੋਂ ਇਕ ਦੂਜੇ ਨੂੰ ਗਲਵਕੜੀ ਵਿਚ ਲੈ ਕੇ, ਆਤਮਾ ਵਿਚੋਂ ਸੁਆਸਾਂ ਦੀ ਚਾਲ ਨਾਲ, ਵਾਹਿਗੁਰੂ ਵਾਹਿਗੁਰੂ ਸਿਮਰਨ ਦਾ ਪ੍ਰਵਾਹ ਚਲਾ ਦਿੰਦੇ ਹਨ । ਉਨ੍ਹਾਂ ਦੀ ਇਸਤਰ੍ਹਾਂ ਦੀ ਮਿਲਣੀ 'ਖੰਡਾ ਖੜਕਾਂਦਿਆਂ' ਹੁੰਦੀ ਹੈ ।



www.AKJ.Org

# ਸ੍ਰੀ ਅਕਾਲ ਤਖ਼ਤ ਤੇ ਨਿਹੰਗ ਸਿੰਘਾਂ ਦੀ ਖੁਰਛਾ-ਗਰਦੀ

[ਭਾਈ ਨਰੈਣ ਸਿੰਘ ਜੀ, ਐਮ. ਏ., ਸਾਬਕਾ ਮੈਨੇਜਰ ਨਨਕਾਣਾ ਸਾਹਿਬ ਐਸਟੇਟ, ਪਟਿਆਲਾ]

(ਲੜੀ ਜੋੜਨ ਲਈ ਵੇਖੋ 'ਸੂਰਾ' ਸਤੰਬਰ ੧੯੮੮)

ਨੋਟ—ਪਿਛਲੀਆਂ ਦੋ ਕਿਸ਼ਤਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੰਥਕ ਕਬਜ਼ੇ ਦੀ ਵਾਰਤਾ ਦਿਤੀ ਗਈ ਸੀ। ਸ੍ਰੀ ਤਖ਼ਤ ਸਾਹਿਬ ਦੇ ਪੁਜਾਰੀ ਤਾਂ ਤਖ਼ਤ ਸਾਹਿਬ ਨੂੰ ਸੁੰਞਾ ਛਡ ਕੇ ਘਰਾਂ ਵਿਚ ਜਾ ਵੜੇ ਸਨ ਅਤੇ ਪੰਥ ਖਾਲਸੇ ਨੇ ਤਖ਼ਤ ਸਾਹਿਬ ਦਾ ਪਰਬੰਧ ਸੰਭਾਲ ਲਿਆ ਸੀ। ਸਰਕਾਰੀ ਤੌਰ ਤੇ ਵੀ ਪੰਥ ਨੂੰ ਤਖ਼ਤ ਸਾਹਿਬ ਦਾ ਕਬਜ਼ਾ ਲਿਖ ਦਿਤਾ ਗਿਆ। ਹੁਣ ਪੁਜਾਰੀ ਨਿਹੰਗ ਸਿੰਘਾਂ ਦੀ ਚਾਪਲੂਸੀ ਕਰ ਕੇ ਉਨ੍ਹਾਂ ਨੂੰ ਸਿੰਘਾਂ ਦੇ ਗਲ ਪੁਆਉਣ ਲਈ ਲੈ ਆਏ। ਉਨ੍ਹਾਂ ਨਾਲ ਜੋ ਹੋਈ, ਸੋ ਹੇਠਾਂ ਦਿਤਾ ਜਾ ਰਿਹਾ ਹੈ। —ਸੰਪਾਦਕ

ਸ੍ਰੀ ਤਖ਼ਤ ਸਾਹਿਬ ਦੇ ਪੁਜਾਰੀ ਨਿਹੰਗ ਸਿੰਘਾਂ ਲਈ ਪੰਜ ਬਕਰੇ, ਪੰਜ ਬੋਰੀਆਂ ਖੰਡ, ਬਦਾਮ, ਆਟਾ, ਰਸਦ ਲੈ ਕੇ ਬਾਬਾ ਫੂਲਾ ਸਿੰਘ ਜੀ ਸ਼ਹੀਦ ਦੇ ਬੁਰਜ, ਛਾਉਣੀ ਨਿਹੰਗ ਸਿੰਘਾਂ ਵਿਖੇ ਪੁਜੇ, ਤੇ ਸਾਰੇ ਨਿਹੰਗ ਸਿੰਘਾਂ ਨੂੰ ਇਕੱਠੇ ਕਰਕੇ ਹੱਥ ਜੋੜ ਕੇ ਆਖਿਆ, "ਨਿਹੰਗ ਸਿੰਘ ਜੀ! ਸ੍ਰੀ ਅਕਾਲ ਤਖ਼ਤ ਤਾਂ ਹੈ ਹੀ ਨਿਹੰਗ ਸਿੰਘਾਂ ਦਾ, ਆਪ ਹੀ ਸ੍ਰੀ ਅਕਾਲ ਤਖ਼ਤ ਦੇ ਮਾਲਕ ਹੋ। ਵੇਖੋ ਮਲੇਛ ਖਾਲਸਾ, ਸਿੰਘ ਸਭੀਏ ਉਥੇ ਜਾ ਦੜ੍ਹੇ ਹਨ। ਤੁਸੀਂ ਚਲੋ ਤਿਆਰੀ ਕਰੋ, ਅਸੀਂ ਅੱਜ ਹੀ ਸ੍ਰੀ ਅਕਾਲ ਤਖ਼ਤ ਦਾ ਕਬਜ਼ਾ ਆਪ ਨੂੰ ਦੇਂਦੇ ਹਾਂ।"

ਉਸ ਸਮੇਂ ਨਿਹੰਗ ਸਿੰਘ ਸੁਖਾ ਛਕ ਕੇ ਅਮਲ ਵਿਚ ਗੁਟ ਸਨ। ਪੁਜਾਰੀਆਂ ਦਾ ਮਤਾ ਝਟ ਪਾਸ ਹੋ ਗਿਆ। ਜਥੇਦਾਰ ਭਾਈ ਸਾਹਿਬ ਸਿੰਘ ਜੀ ਨਿਹੰਗ ਨੇ ਹੁਕਮ ਕੀਤਾ, "ਭਲਕੇ ਚੁਟੰਗੇ ਝਟਕਾਏ ਜਾਣਗੇ, ਹੁਣ ਸਾਰੇ ਸ੍ਰੀ ਅਕਾਲ ਤਖ਼ਤ ਦੇ ਕਬਜ਼ੇ ਲਈ ਤਿਆਰ ਹੋਵੋ।"

ਬਾਰ੍ਹਾਂ ਵਜੇ ਨਾਲ ਪੰਜਾਹ ਨਿਹੰਗ ਸਿੰਘਾਂ ਦਾ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਪੁਜ ਗਿਆ। ਸਾਰੇ ਆ ਕੇ ਤਖ਼ਤ ਸਾਹਿਬ ਤੇ ਬੈਠ ਗਏ। ਜਥੇਦਾਰ ਕਰਤਾਰ ਸਿੰਘ ਜੀ ਝੱਬਰ ਨੂੰ ਮਾਈ ਸੇਵਾਂ ਬਜ਼ਾਰ ਵਿਚ ਪਤਾ ਲਗਾ ਕਿ ਤਖ਼ਤ ਸਾਹਿਬ ਤੇ ਨਿਹੰਗ ਸਿੰਘਾਂ ਨੇ ਕਬਜ਼ਾ ਕਰ ਲਿਆ ਹੈ। ਝੱਬਰ ਪੰਜਾ ਸਾਹਿਬ ਜਾਣ ਦੀ ਤਿਆਰੀ ਕਰ ਰਿਹਾ ਸੀ। ਸ੍ਰੀ ਅਕਾਲ ਤਖ਼ਤ ਤੋਂ ਲੰਘਦਿਆਂ ਹੇਠਲੇ ਚੁਗਾਠ ਥੱਲੇ ਝੱਬਰ ਖਲੋ ਗਿਆ। ਝੱਬਰ ਜੀ ਨੂੰ ਵੇਖ ਕੇ ਇਕ ਨਿਹੰਗ ਸਿੰਘ ਬੋਲਿਆ, "ਭਾਈ ਕਰਤਾਰ ਸਿੰਘ ਝੱਬਰ! ਤੂੰ ਭੀ ਜਥੇਦਾਰ ਹੈਂ, ਅਤੇ ਮੇਰਾ ਨਾਮ ਭੀ ਗੋਪਾਲ ਸਿੰਘ ਗਿਆਨੀ ਹੈ। ਮੈਂ ਇਸ ਨਿਹੰਗਾਂ ਦੇ ਜਥੇ ਦਾ ਸਕੱਤਰ ਹਾਂ। ਅਸਾਂ ਤੁਹਾਨੂੰ ਇਥੋਂ ਕਢ ਦਿਤਾ ਹੈ ਅਤੇ ਸ੍ਰੀ ਤਖ਼ਤ ਸਾਹਿਬ ਤੇ ਕਬਜ਼ਾ ਕਰ ਲਿਆ ਹੈ।"

ਝੱਬਰ ਜੀ ਨੇ ਉਤਰ ਦਿਤਾ, "ਸ੍ਰੀ ਨਿਹੰਗ ਸਿੰਘ ਜੀ! ਸਿੰਘਾਂ ਨੂੰ ਇਸ ਤਰ੍ਹਾਂ ਵੰਗਾਰੀਦਾ ਨਹੀਂ, ਤੁਸੀਂ ਜ਼ਰਾ ਕੁ ਬੈਠੋ, ਮੈਂ ਹੁਣੇ ਆਉਂਦਾ ਹਾਂ।"

ਅਗੋਂ ਮਾਨਾਂ ਵਾਲੇ ਦੇ ਬੁੰਗੇ ਕੋਲੋਂ ਜਥਾ ਆ ਰਿਹਾ ਸੀ। ਨਾਲ ਭਾਈ ਤੇਜਾ ਸਿੰਘ ਭੁਚਰ ਸੀ। ਝੱਬਰ ਨੇ ਇਹਨਾਂ

---

✿ ਵੈਸੇ ਤਾਂ ਖੰਡਾ ਜੰਗਾਂ ਜੁੱਧਾਂ ਵਿਚ ਖੜਕਾਇਆ ਜਾਂਦਾ ਹੈ ਤੇ ਵੇਖਿਆ ਜਾਏ ਤਾਂ ਏਥੇ ਵੀ ਤਾਂ ਵਾਹਿਗੁਰੂ ਸਿਮਰਨ ਦੇ ਖੰਡੇ ਨਾਲ ਵਿਕਾਰਾਂ ਨਾਲ ਯੁੱਧ ਕੀਤਾ ਜਾਂਦਾ ਹੈ। ਖੰਡਾ ਖੜਕਾਂਦਿਆਂ ਦੋ ਰੂਹਾਂ ਮਾਨੋ ਇਹੀ ਕਹਿ ਰਹੀਆਂ ਹੁੰਦੀਆਂ ਹਨ—'ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ॥" [ਆਸਾ ਮਹਲਾ ੫—੪੬੦

ਇਸ ਤਰ੍ਹਾਂ ਖਾਲਸਾ ਬੋਲਚਾਲ ਵਿਚ ਅਨਗਿਣਤ ਬੋਲੇ ਵਰਤੇ ਜਾਂਦੇ ਹਨ, ਜੋ ਸਾਰਥਕ ਹਨ, ਨਿਰਾਰਥਕ ਨਹੀਂ ਹਨ। ਇਹ ਬੋਲੇ ਖਾਲਸੇ ਦੀ ਸ਼ਾਨ ਤੇ ਉਸਦੇ ਨਿਆਰੇਪਨ ਨੂੰ ਉਜਾਗਰ ਕਰਦੇ ਹਨ ਤੇ ਬੋਲ ਚਾਲ ਦੇ ਸ਼ਬਦ-ਭੰਡਾਰ ਵਿਚ ਵਾਧਾ ਕਰਦੇ ਹਨ।



www.AKJ.Org

ਨੂੰ ਖਲ੍ਹਾਰ ਕੇ ਗੱਲ ਕੀਤੀ ਤੇ ਸਮਝਾਇਆ ਕਿ ਤੁਸੀਂ ਜ਼ਰਾ ਠਹਿਰ ਜਾਓ, ਨਿਹੰਗ ਜ਼ਿਆਦਾ ਹਨ, ਇਸ ਲਈ ਜਥਾ ਹੋਰ ਲੈ ਆਵੀਏ। ਪਿਛੋਂ ਧੂਰੀ ਵਾਲਾ ਮਲਵਈ ਜਥਾ ਗੱਜਨ ਸਿੰਘ ਦੇ ਨਾਲ ਇਥੇ ਹੀ ਆ ਪੁਜਾ। ਲਾਚੀ ਬੇਰ ਪਾਸ ਝੱਬਰ ਨੇ ਜਥੇ ਨੂੰ ਰੋਕ ਲਿਆ, ਤੇ ਜਥੇ ਨੂੰ ਸਮਝਾਇਆ ਕਿ ਉਹ ਭੀ ਸਾਡੇ ਸਿੰਘ ਭਰਾ ਹਨ, ਅਸਾਂ ਉਹਨਾਂ ਨੂੰ ਮਾਰਨਾ ਨਹੀਂ, ਤੁਸੀਂ ਇਥੇ ਠਹਿਰੋ, ਅਸੀਂ ਉਹਨਾਂ ਨੂੰ ਸਮਝਾਂਦੇ ਹਾਂ। ਝੱਬਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਖੜੇ ਹੋ ਕੇ ਆਖਿਆ, "ਨਿਹੰਗ ਸਿੰਘ ਜੀ! ਤਖ਼ਤ ਸਾਹਿਬ ਦਾ ਪਰਬੰਧ ਪੰਥ ਦੇ ਹੱਥ ਵਚ ਹੈ, ਤੁਸੀਂ ਮੇਹਰਬਾਨੀ ਕਰੋ ਤੇ ਚਲੇ ਜਾਉ।" ਪਰ ਸਿੰਘ ਸੁਖ ਨਿਧਾਨ ਦੀ ਮੌਜ ਵਿਚ ਸਨ, ਉਹਨਾਂ ਅਨਸੁਣੀ ਕਰ ਛਡੀ। ਬਥੇਰਾ ਆਖਿਆ, ਪਰ ਉਹਨਾਂ ਇਕ ਨਾ ਮੰਨੀ। ਸਗੋਂ ਉਲਟਾ ਬੋਲ ਕਬੋਲ ਬੋਲਣੇ ਸ਼ੁਰੂ ਕੀਤੇ।

ਝੱਬਰ ਨੇ ਪਿਛੇ ਹਟ ਕੇ ਆਪਣੇ ਜਥੇ ਨੂੰ ਇਸ਼ਾਰਾ ਕੀਤਾ। ਤਾਂ ਫਿਰ ਕੀ ਸੀ, ਖ਼ਾਲਸਾ ਸ਼ੇਰਾਂ ਵਾਂਗ ਸ੍ਰੀ ਤਖ਼ਤ ਸਾਹਿਬ ਤੇ ਪੁਜ ਗਿਆ। ਨਿਹੰਗ ਸਿੰਘਾਂ ਨੂੰ ਪਕੜ ਪਕੜ ਕੇ ਥਲੇ ਲੈ ਆਂਦਾ। ਮਲਵਈ ਜਥੇ ਵਿਚ ਇਕ ਅਠਾਰ੍ਹਾਂ ਉਨੀ ਸਾਲ ਦੀ ਨੌਜਵਾਨ, ਚੰਗੇ ਕੱਦ ਵਾਲੀ, ਸੂਬੇਦਾਰ ਦੀ ਲੜਕੀ ਬੀਬੀ ਭਜਨ ਕੌਰ ਸੀ, ਜਿਸ ਨੇ ਨਿਹੰਗ ਸਿੰਘਾਂ ਨੂੰ ਚੰਗਾ ਚਾਹਟਾ ਛਕਾਇਆ ਤੇ ਕਈ ਨਿਹੰਗ ਸਿੰਘਾਂ ਨੂੰ ਤਖ਼ਤ ਸਾਹਿਬ ਤੋਂ ਪਕੜ ਪਕੜ ਕੇ ਥੱਲੇ ਸੁਟਿਆ। ਇਕ ਨਿਹੰਗ ਸਿੰਘ ਨੂੰ ਲਤੋਂ ਪਕੜ ਕੇ ਧੂਹ ਕੇ ਲੈ ਆਂਦਾ। ਝੱਬਰ ਨੇ ਨਿਹੰਗ ਸਿੰਘ ਨੂੰ ਛੁੜਾ ਲਿਆ, ਪਰ ਫਿਰ ਲੜਕੀ ਨੇ, ਜਿਸ ਦੇ ਹੱਥ ਵਿਚ ਡਾਂਗ ਸੀ, ਜਥੇਦਾਰ ਸਾਹਿਬ ਸਿੰਘ ਜੀ ਨੂੰ ਇਕ ਡਾਂਗ ਕੱਢ ਮਾਰੀ। ਅਖ਼ੀਰ ਦੋ ਸਿੰਘਾਂ ਨੇ ਪਕੜ ਕੇ ਇਸ ਲੜਕੀ ਨੂੰ ਪਿਛਾਂਹ ਹਟਾਇਆ।

ਬਹੁਤ ਸਾਰੇ ਨਿਹੰਗ ਸਿੰਘ ਤਾਂ ਹਰਨ ਹੋ ਗਏ। ਬਾਕੀ ਦਿਆਂ ਨੂੰ ਸਿੰਘਾਂ ਘੇਰ ਲਿਆ। ਇਹ ਰੌਲਾ ਸੁਣ ਕੇ ਬਹੁਤ ਸਾਰੇ ਸ਼ਹਿਰੀ ਸਿੰਘ ਆ ਇਕੱਠੇ ਹੋਏ। ਇਕ ਸਿੰਘ ਨੇ ਕਿਹਾ ਕਿ ਜਥੇਦਾਰ ਜੀ, ਇਹਨਾਂ ਨੂੰ ਪਕੜ ਕੇ ਕੁਤਵਾਲੀ ਲੈ ਚਲੋ। ਦੂਸਰੇ ਸਿੰਘ ਨੇ ਕਾਗਜ਼ ਕਲਮ ਦੁਆਤ ਲੈ ਆਂਦੀ ਤੇ ਜਥੇਦਾਰ ਸਾਹਿਬ ਸਿੰਘ ਜੀ ਨੂੰ ਆਖਿਆ, "ਤੁਸੀਂ ਇਸ ਕਾਗਜ਼ ਤੇ ਲਿਖ ਦੇਵੋ ਕਿ ਸਾਡੇ ਪਾਸੋਂ ਗ਼ਲਤੀ ਹੋ ਗਈ ਹੈ, ਸਾਨੂੰ ਪੰਥ ਮਾਫ਼ ਕਰੇ। ਅੰਗੂਠਾ ਲਾਓ, ਤੁਹਾਨੂੰ ਛੁੜਾ ਦੇਈਏ।" ਜਥੇਦਾਰ ਸਾਹਿਬ ਸਿੰਘ ਨੇ ਝਟ ਅੰਗੂਠਾ ਲਾ ਦਿਤਾ। ਨਿਹੰਗ ਸਿੰਘਾਂ ਨੂੰ ਮੁਆਫ਼ ਕਰ ਦਿਤਾ ਗਿਆ। ਮਗਰੋਂ ਪਤਾ ਲਗਾ ਕਿ ਗਿ: ਗੋਪਾਲ ਸਿੰਘ, ਜਿਨ੍ਹਾਂ ਨੇ ਸਿੰਘਾਂ ਨੂੰ ਵੰਗਾਰਿਆ ਸੀ, ਪਿਛਲੇ ਦਰਵਾਜ਼ਿਓਂ ਹੀ ਕਿਧਰੇ ਹਰਨ ਹੋ ਗਏ ਸਨ। ਸ਼ਹਿਰ ਦੇ ਸਿੰਘਾਂ ਨੇ ਟਾਂਗੇ ਲੈ ਆਂਦੇ ਤੇ ਨਿਹੰਗ ਸਿੰਘਾਂ ਨੂੰ ਬਿਠਾ ਕੇ ਛਾਉਣੀ ਬੁਰਜ ਬਾਬਾ ਫੂਲਾ ਸਿੰਘ ਛਡ ਆਏ। [ਚਲਦਾ]

["ਜਥੇਦਾਰ ਕਰਤਾਰ ਸਿੰਘ ਝੱਬਰ" ਪੁਸਤਕ ਵਿਚੋਂ


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ ੧੦ ਚਿਤਰ,੨੭੨ਪੰਨੇ, ਸੁੰਦਰ ਦੱਖ) ੭-੦੦

| | | | |
|---|---|---|---|
| ਧੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੫੦ |
| Dawn of Divine Wisdom | 0-75 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੫੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੧-੦੦ | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੦੦ |
| ਗੁਰਬਾਣੀ ਰਹਿਤਨਾਮਾ (੬੦ ਪੰਨੇ) | ੧-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | ੧-੦੦ |





www.AKJ.Org

# 'ਵਾਰ ਮਾਝ' ਤੇ ਪਤ ਦਾ ਜੀਵਨ

[ਡਾਕਟਰ ਤਾਰਨ ਸਿੰਘ ਜੀ]

'ਵਾਰ ਮਾਝ' ਅਨੁਸਾਰ ਗੁਰੂ ਦੀ ਪਦਵੀ ਇਹ ਹੈ ਕਿ ਉਹ ਜੀਵਨ-ਦਾਤਾ ਹੈ। ਜੀਵਨ-ਜੁਗਤੀ ਦਾ ਦਾਨ ਦੇਣ ਵਾਲਾ ਦਾਤਾ ਹੈ। ਉਹ ਸ਼ਾਂਤੀ ਦਾ ਪੁੰਜ ਹੈ ਅਤੇ ਸੰਸਾਰ ਵਿਚ ਨਿਰਮਲ ਜੋਤਿ ਦਾ ਦੀਪਕ ਹੈ। ਉਹ ਅਮਰ-ਪਦਾਰਥ-ਨਾਮ ਦਾ ਮਾਲਕ ਹੈ ਤੇ ਜੀਵਨ ਨੂੰ ਸੁਖਦਾਈ ਬਣਾਉਣ ਵਾਲਾ ਹੈ–

ਗੁਰੁ ਦਾਤਾ, ਗੁਰੁ ਹਿਵੈ ਘਰੁ, ਗੁਰੁ ਦੀਪਕੁ ਤਿਹ ਲੋਇ ॥
ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ ॥੧॥੧॥ (੧੩੭)

ਸੋ 'ਵਾਰ ਮਾਝ' ਪੂਰੇ ਗੁਰੂ ਦੁਆਰਾ ਮਨੁਖੀ ਗਿਆਨ ਵਿਚ ਆਈ ਹੈ। ਇਸ ਵਾਰ ਦਾ ਪਹਿਲਾ ਪੱਖ ਇਹ ਹੈ ਕਿ ਮਨੁਖੀ ਹੋਣੀ ਇਹ ਹੈ ਕਿ ਉਸ ਦਾ ਜੀਵਨ ਸਚਮੁੱਚ ਭਰਪੂਰ ਖੇੜੇ ਵਾਲਾ, ਹਸਦਾ-ਰਸਦਾ, ਤੇ ਸੁਰਖਰੂਈ ਦਾ ਜੀਵਨ ਹੋਵੇ, ਜਿਥੇ ਇਸ ਨੂੰ ਪਤ-ਇਜ਼ਤ ਪ੍ਰਾਪਤ ਹੋਵੇ ਅਤੇ ਪ੍ਰਭੂ-ਦਰਗਾਹ ਵਿਚ ਪਤ-ਇਜ਼ਤ ਮਿਲੇ। ਜੇ ਮਨੁਖ ਨੂੰ ਇਥੇ ਪਤ-ਇਜ਼ਤ ਪ੍ਰਾਪਤ ਨਹੀਂ ਅਤੇ ਦਰਗਾਹ ਵਿਚ ਸੁਰਖਰੂਈ ਨਹੀਂ ਮਿਲਦੀ ਤਾਂ ਜੀਵਨ ਨਿਸਫਲ ਹੈ ਅਤੇ ਖਾਣਾ-ਪਹਿਨਣਾ ਹਰਾਮ ਹੈ। 'ਸਭੁ ਹਰਾਮੁ ਜੇਤਾ ਕਿਛੁ ਖਾਇ' ਹੀ ਗੁਰੂ ਬਾਬੇ ਨੇ ਕਿਹਾ ਹੈ। ਵਾਰ ਮਾਝ ਵਿਚ ਬਾਬੇ ਦਾ ਸਲੋਕ ਹੈ–

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥
ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥
ਰਾਜਿ ਰੰਗੁ, ਮਾਲਿ ਰੰਗੁ, ਰੰਗਿ ਰਤਾ ਨਚੈ ਨੰਗੁ ॥
ਨਾਨਕ ਠਗਿਆ ਮੁਠਾ ਜਾਇ ॥ ਵਿਣੁ ਨਾਵੈ ਪਤਿ ਗਇਆ ਗਵਾਇ ॥੧॥੧੦॥ (੧੪੨)

'ਪਤਿ' ਦਾ ਜੀਵਨ ਆਦਰਸ਼ ਹੈ। ਗ਼ੁਲਾਮੀ ਵਿਚ ਪਤ ਦਾ ਜੀਵਨ ਨਹੀਂ ਹੋ ਸਕਦਾ; ਸੁਤੰਤਰਤਾ, ਧਰਮ, ਸਭਿਆਚਾਰ, ਬੋਲੀ, ਪਹਿਰਾਵਾ, ਅਣਖ, ਸ਼ਾਨ ਮਾਣ ਗੰਵਾ ਕੇ ਪਤ ਕਿਥੇ ਹੈ? ਪੰਜਾਬੀਆਂ ਦੀ ਉਸ ਵੇਲੇ ਇਹੋ ਦਸ਼ਾ ਸੀ–ਭਾਰਤੀਆਂ ਦੀ ਇਹੋ ਦਸ਼ਾ ਸੀ–

ਕਲ ਮਹਿ ਬੇਦੁ ਅਥਰਬਣੁ ਹੂਆ, ਨਾਉ ਖੁਦਾਈ ਅਲਹੁ ਭਇਆ ॥
ਨੀਲ ਬਸਤ੍ਰ ਲੇ ਕਪੜੇ ਪਹਿਰੇ, ਤੁਰਕ ਪਠਾਣੀ ਅਮਲੁ ਕੀਆ ॥੨॥੧੩॥ (੪੭੦)

ਆਤਮਕ, ਧਾਰਮਿਕ, ਸਭਿਆਚਾਰਕ ਤੇ ਰਾਜਸੀ ਮਾਣ ਗਵਾ ਕੇ ਪਤ ਕਿਥੇ ਸੀ? ਗੁਰੂ ਬਾਬੇ ਨੇ ਪਤ ਦਾ ਜੀਵਨ ਜੀਣ ਲਈ ਵੰਗਾਰਿਆ ਅਤੇ ਇਸ ਪ੍ਰਾਪਤੀ ਬਿਨਾਂ 'ਸਭੁ ਹਰਾਮੁ ਜੇਤਾ ਕਿਛੁ ਖਾਇ' ਦਸਿਆ।

ਵਾਰ ਮਾਝ ਦਾ ਦੂਜਾ ਪੱਖ ਇਹ ਹੈ ਕਿ ਮਨੁਖ ਪਤ ਦਾ ਜੀਵਨ ਕਿਉਂ ਗਵਾ ਬੈਠਦਾ ਹੈ? ਹੁਣੇ ਹੀ ਉਤੇ ਲਿਖੇ ਗਏ ਸਲੋਕ ਵਿਚ ਆਪ ਨੇ ਇਸ ਗਿਰਾਵਟ ਦਾ ਪਰਮੁਖ ਕਾਰਨ ਭੀ ਦਸਿਆ ਹੋਇਆ ਹੈ, ਤੇ ਉਹ ਕਾਰਨ ਇਹ ਹੈ ਕਿ ਜੋ ਕੌਮ ਪ੍ਰਭੂ ਨੂੰ ਭੁਲਾ ਕੇ ਰਾਜ-ਰੰਗ ਮਾਲ-ਰੰਗ ਵਿਚ ਨੰਗੀ ਹੋ ਕੇ ਨਚਣ ਲਗ ਜਾਏ ਤੇ ਜੀਵਨ ਦੀਆਂ ਸਹੀ ਆਤਮਕ ਕੀਮਤਾਂ ਨੂੰ ਭੁਲ ਜਾਏ, ਉਹ ਪਤ ਦਾ ਜੀਵਨ ਗਵਾ ਬਹਿੰਦੀ ਹੈ।

ਪ੍ਰਭੂ-ਯਾਦ ਪੰਜਾਬੀ ਭੁਲੇ ਤੇ ਮੁਸਲਮਾਨਾਂ ਦੇ ਪ੍ਰਾਧੀਨ ਹੋਏ। ਮੁਸਲਮਾਨ ਹਾਕਮ ਬਣੇ ਤੇ ਰਾਜ-ਰੰਗ, ਮਾਲ-ਰੰਗ ਵਿਚ ਉਹ ਵੀ ਪ੍ਰਭੂ-ਯਾਦ ਗਵਾ ਗਏ ਤੇ ਨੰਗੇ ਹੋ ਗਏ। ਬਾਬੇ ਨੇ ਉਨ੍ਹਾਂ ਨੂੰ ਹੋਸ਼ ਵਿਚ ਆਉਣ ਲਈ ਕਿਹਾ ਹੈ–

ਪੰਜਿ ਨਿਵਾਜਾ; ਵਖਤ ਪੰਜਿ, ਪੰਜਾ ਪੰਜੇ ਨਾਉ ॥ ਪਹਿਲਾ ਸਚੁ, ਹਲਾਲ ਦੁਇ, ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ, ਪੰਜਵੀ ਸਿਫਤਿ ਸਨਾਇ ॥ ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥੭॥ (ਪੰਨਾ ੧੪੧)

ਗੁਰੂ ਬਾਬੇ ਨੇ ਹਿੰਦੂ ਨੂੰ 'ਦਇਆ ਕਪਾਹ ਸੰਤੋਖੁ ਸੂਤੁ' ਦਾ ਜਨੇਊ ਪਾਉਣ ਲਈ ਕਿਹਾ ਅਤੇ ਮੁਸਲਮਾਨਾਂ ਨੂੰ

 [ਬਾਕੀ ਵੇਖੋ ਸਫਾ ੩੫ ਹੇਠ] 

www.AKJ.Org

# ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ

ਜ਼ਾਹਰ ਪੀਰ ਜਗਤ ਗੁਰ ਬਾਬਾ, ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਅਜ ਤੋਂ ਪੰਜ ਸਦੀਆਂ ਪਹਿਲਾਂ ਵਾਹਿਗੁਰੂ ਜੀ ਦੀ ਸਿਫ਼ਤ-ਸਾਲਾਹ ਕਰਦਿਆਂ ਪ੍ਰਗਟ ਪਹਾਰੇ ਦਰਸਾਇਆ ਕਿ ਉਸ ਵਾਹਿਗੁਰੂ ਦੀ ਲੀਲ੍ਹਾ ਦਾ ਕੋਈ ਅੰਤ ਪਾਰਾਵਾਰ ਨਹੀਂ, ਉਹ ਪਰੇ ਤੋਂ ਪਰੇ, ਹੋਰ ਪਰੇ ਹੈ, ਉਸ ਦਾ ਕੋਈ ਓੜਕ ਨਹੀਂ ਹੈ–

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥.....
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪਿ ॥੨੨॥ [ਜਪੁਜੀ

ਨਿਰੰਕਾਰੀ ਜੋਤਿ ਗੁਰੂ ਨਾਨਕ ਨੇ ਵਾਹਿਗੁਰੂ ਜੀ ਦੀ ਰਚਨਾ ਬੇਅੰਤ ਦਸਦਿਆਂ ਕਿਹਾ ਕਿ ਉਸ ਬੇਅੰਤ ਦਾ ਲੇਖਾ ਹੋ ਹੀ ਨਹੀਂ ਸਕਦਾ। ਉਸ ਦੀ ਰਚਨਾ ਵਿਚ ਲੱਖਾਂ ਹੀ ਅਕਾਸ਼ ਤੇ ਲੱਖਾਂ ਹੀ ਪਤਾਲ ਹਨ। ਸਾਡੇ ਸਾਹਮਣੇ ਇਕ ਅਕਾਸ਼ ਵਿਚ ਰਾਤ ਨੂੰ ਅਨੇਕਾਂ ਅਨਗਿਣਤ ਤਾਰੇ ਨਜ਼ਰ ਆਉਂਦੇ ਹਨ, ਅਤੇ ਇਹ ਤਾਰੇ ਸਾਡੀ ਧਰਤੀ ਤੋਂ ਬਹੁਤ ਦੂਰੀ ਤੇ, ਲਖਾਂ ਕਰੋੜਾਂ ਦੀ ਗਿਣਤੀ ਤੋਂ ਬਹੁਤ ਬਹੁਤ ਹੀ, ਬਹੁਤ ਜ਼ਿਆਦਾ ਪ੍ਰਕਾਸ਼-ਵਰ੍ਹਿਆਂ ਦੀ ਵਿਥ ਤੇ ਹਨ। ਇਹ ਤਾਰੇ ਸਾਡੀ ਇਸ ਧਰਤੀ ਤੋਂ ਕਈ ਗੁਣਾ ਵਡੇ ਦਸੇ ਜਾਂਦੇ ਹਨ। ਸਾਡੀ ਧਰਤੀ ਵਿਚ ਵੀ ਕਰੋੜਾਂ ਕਿਸਮ ਦੀਆਂ ਖਾਣੀਆਂ, ਜੀਵਾਂ ਜੰਤਾਂ ਦੀਆਂ ਵਸ ਰਹੀਆਂ ਹਨ। ਜਿਹਾ ਕਿ ਸ੍ਰੀ ਸੁਖਮਨੀ ਸਾਹਿਬ ਵਿਚ ਗੁਰ-ਫ਼ੁਰਮਾਨ ਹੈ–

ਕਈ ਕੋਟਿ ਖਾਣੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ ॥੭॥੧੦॥

ਸਾਡੇ ਇਸ ਇਕ ਅਕਾਸ਼ ਦੇ ਤਾਰਾ-ਮੰਡਲ ਦਾ ਹੀ ਕੋਈ ਅੰਤ ਨਹੀਂ, ਉਹ ਗਿਣਤੀ ਮਿਣਤੀ ਤੋਂ ਬਾਹਰਾ ਹੈ। ਇਸ ਤਰ੍ਹਾਂ ਦੇ ਕਰੋੜਾਂ ਅਕਾਸ਼ ਅਤੇ ਕਰੋੜਾਂ ਹੀ ਤਾਰਾ-ਮੰਡਲ ਸਤਿਗੁਰੂ ਜੀ ਦੀ ਦਿਬ-ਦ੍ਰਿਸ਼ਟੀ ਵਿਚ ਸਨ। ਨਿਰੰਕਾਰੀ ਬਾਬਾ ਜੀ ਜਦੋਂ ਬਗ਼ਦਾਦ-ਫੇਰੀ ਤੇ ਗਏ ਤਾਂ ਉਨ੍ਹਾਂ ਨੇ ਉਥੇ ਲਖਾਂ ਅਕਾਸ਼ਾਂ ਪਾਤਾਲਾਂ ਦੀ ਗੱਲ ਕੀਤੀ। ਉਥੋਂ ਦਾ ਪੀਰ ਦਸਤਗੀਰ ਸੁਣ ਕੇ ਹੈਰਾਨ ਰਹਿ ਗਿਆ ਤਾਂ ਸਤਿਗੁਰੂ ਜੀ ਨੇ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ–

ਨਾਲਿ ਲੀਤਾ ਬੇਟਾ ਪੀਰ ਦਾ, ਅਖੀ ਮੀਟਿ ਗਇਆ ਹਵਾਈ ॥
ਲਖ ਆਕਾਸ ਲਖ ਪਤਾਲ, ਅਖਿ ਫਰਕ ਵਿਚ ਸਭਿ ਦਿਖਲਾਈ ॥੩੬॥ (ਵਾਰ ਪਹਿਲੀ)

ਸਤਿਗੁਰੂ ਜੀ ਨੇ ਉਨ੍ਹਾਂ ਨੂੰ ਅੱਖ ਦੇ ਫੋਰ ਵਿਚ ਲਖਾਂ ਅਕਾਸ਼ ਪਤਾਲ ਵਿਖਾ ਕੇ ਨਿਸ਼ਚੇ ਕਰਾ ਦਿਤਾ ਕਿ ਉਸ ਪ੍ਰਭੂ ਦੀ ਸਾਜੀ ਨਿਵਾਜੀ ਰਚਨਾ ਬੇਅੰਤ ਹੈ ਅਤੇ ਪਰੇ ਤੋਂ ਪਰੇ ਹੈ।

ਸਾਡੇ ਅੱਜ ਦੇ ਸਾਇੰਸਦਾਨ ਤਾਰਾ-ਮੰਡਲਾਂ ਦੀ ਖੋਜ ਕਰਦਿਆਂ ਬੜੀ ਦੂਰ ਤਕ ਪਹੁੰਚ ਗਏ ਹਨ। ਸਾਡੇ ਅਕਾਸ਼ ਦੇ ਇਸ ਤਾਰਾ-ਮੰਡਲ ਨੂੰ ਅਕਾਸ਼ਗੰਗਾ ਦਾ ਨਾਂ ਦਿਤਾ ਜਾਂਦਾ ਹੈ। ਅਨੇਕਾਂ ਸਾਇੰਸਦਾਨਾਂ ਨੇ ਉਮਰਾਂ ਗਾਲ ਦਿਤੀਆਂ ਹਨ ਇਨ੍ਹਾਂ ਖੋਜਾਂ ਵਿਚ। ਹੁਣ ਇਸ ਸਿੱਟੇ ਤੇ ਪੁਜੇ ਹਨ ਕਿ ਸਾਡੇ ਇਸ ਅਕਾਸ਼ ਦੀ ਤਾਰਾਗੰਗਾ ਤੋਂ ਪਰੇ ਹੋਰ ਅਨੇਕਾਂ ਅਕਾਸ਼-ਗੰਗਾਵਾਂ ਹਨ। ਸਾਇੰਸਦਾਨਾਂ ਦੀ ਇਸ ਖੋਜ ਬਾਰੇ ਇਕ ਲੇਖ "ਐਂਡਰੋਮੀਡਾ ਅਕਾਸ਼-ਗੰਗਾ" ਦੇ ਸਿਰਲੇਖ ਹੇਠ ਰੋਜ਼ਾਨਾ 'ਅਜੀਤ' ਵਿਚ ਛਪਿਆ ਹੈ, ਜਿਸ ਨੂੰ ਪੜ੍ਹ ਕੇ ਵਾਹਿਗੁਰੂ ਜੀ ਦੀ ਰਚਨਾ ਦੀ ਬੇਅੰਤਤਾ ਨੂੰ ਵੇਖ ਸੁਣ ਕੇ ਚਕ੍ਰਿਤ ਹੀ ਰਹਿ ਜਾਈਦਾ ਹੈ ਅਤੇ ਬੇਅਖ਼ਤਿਆਰ, ਸੁਖਮਨੀ ਸਾਹਿਬ ਦੀਆਂ ਇਹ ਤੁਕਾਂ ਕੰਨਾਂ ਵਿਚ ਗੂੰਜਣ ਲਗ ਪੈਂਦੀਆਂ ਹਨ–

ਜਾ ਕੀ ਲੀਲਾ ਕੀ ਮਿਤਿ ਨਾਹਿ ॥ ਸਗਲ ਦੇਵ ਹਾਰੇ ਅਵਗਾਹਿ ॥
ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥ ਸਗਲ ਪਰੋਈ ਅਪੁਨੈ ਸੂਤਿ ॥੩॥੧੬॥

ਵਾਹਿਗੁਰੂ ਜੀ ਦੀ ਸਾਜੀ ਨਿਵਾਜੀ ਇਸ ਰਚਨਾ ਦੀ ਬੇਅੰਤਤਾ ਦਰਸਾਉਣ ਵਾਲੇ ਇਸ ਲੇਖ ਦਾ ਮੁਢਲਾ ਹਿੱਸਾ ਹੂ-ਬਹੂ ਪਾਠਕਾਂ ਦੇ ਅਧਿਐਨ ਲਈ ਹੇਠਾਂ ਛਾਪਿਆ ਜਾ ਰਿਹਾ ਹੈ। ਪਾਠਕ ਇਸ ਅਸਚਰਜ ਤੇ ਬਿਸਮਾਦ ਕਰ ਦੇਣ ਵਾਲੀ ਰਚਨਾ ਦੀ ਜਾਣਕਾਰੀ ਲੈ ਕੇ ਪ੍ਰਭੂ-ਚਰਨਾਂ ਵਿਚ ਜੁੜ ਸਕਦੇ ਹਨ:–



www.AKJ.Org

# ਐਂਡਰੋਮੀਡਾ ਆਕਾਸ਼-ਗੰਗਾ

(ਵਲੋਂ—ਸ: ਤ੍ਰਿਲੋਚਨ ਸਿੰਘ ਜੀ)

ਵੀਹਵੀਂ ਸਦੀ ਦੇ ਤਾਰਾ-ਵਿਗਿਆਨ ਦੀ ਸਭ ਤੋਂ ਵੱਡੀ ਪ੍ਰਾਪਤੀ ਆਕਾਸ਼ਗੰਗਾਵਾਂ ਦੀ ਖੋਜ ਹੈ। ਸਾਡੀ ਆਪਣੀ ਆਕਾਸ਼ਗੰਗਾ ਤੋਂ ਪਰ੍ਹੇ ਵੀ ਕੋਈ ਹੋਰ ਵਿਸ਼ਵ ਹੋ ਸਕਦਾ ਹੈ ? ਇਸ ਗੱਲ ਦੀ ਪਰਿਕਲਪਨਾ ਬਹੁਤ ਸਮੇਂ ਤੀਕ ਹੁੰਦੀ ਰਹੀ। ਸਾਡੀ ਆਕਾਸ਼ਗੰਗਾ ਵਿਚ 100 ਕਰੋੜ ਤਾਰੇ ਹਨ ਅਤੇ ਏਸੇ ਨੂੰ ਹੀ ਬ੍ਰਹਿਮੰਡ ਦਾ ਅੰਤ ਸਮਝਿਆ ਜਾਂਦਾ ਸੀ। ਪਰ, ਦੂਰ-ਦਰਸ਼ੀਆਂ ਦੇ ਉੱਨਤ ਹੋਣ ਨਾਲ ਸਾਡੀ ਨਜ਼ਰ ਅਕਾਸ਼ਗੰਗਾ ਤੋਂ ਪਰ੍ਹੇ ਤਕ ਪੁਜ ਗਈ। ਇਕ ਦੋ ਨਹੀਂ, ਸਗੋਂ ਹਜ਼ਾਰਾਂ ਦੀ ਗਿਣਤੀ ਵਿਚ ਨਵੀਆਂ ਆਕਾਸ਼ਗੰਗਾਵਾਂ ਦੇ ਚੱਕ ਦਿਸਣ ਲੱਗੇ। ਤਾਰਾ-ਵਿਗਿਆਨੀਆਂ ਨੇ ਇਨ੍ਹਾਂ ਨੂੰ 'ਵਿਸ਼ਵ ਦੇ ਟਾਪੂਆਂ' ਦਾ ਨਾਂ ਦਿੱਤਾ।

ਕਿੰਨੀ ਵਧੀਆ ਤੇ ਅਸਚਰਜਤਾ ਭਰਪੂਰ ਕਥਨੀ ਹੈ ਕਿ ਅਸੀਂ ਬ੍ਰਹਿਮੰਡ ਦੇ ਇਸ ਮਹਾਨ ਸਾਗਰ ਵਿਚ ਇਕ ਨਿੱਕੇ ਜਿਹੇ ਟਾਪੂ ਉੱਪਰ ਵੱਸ ਰਹੇ ਹਾਂ। ਪ੍ਰਿਥਵੀ ਨਹੀਂ, ਸਗੋਂ ਸਾਡੀ ਸਮੁੱਚੀ ਅਕਾਸ਼ਗੰਗਾ ਇਕ ਟਾਪੂ ਹੈ। ਇਸ ਟਾਪੂ ਵਿਚ ਪ੍ਰਿਥਵੀ ਦਾ ਹਿੱਸਾ ਇਕ ਅਤਿ ਸੂਖਮ ਕਿਣਕੇ ਦੇ ਵਾਂਗ ਹੀ ਲਗਦਾ ਹੈ।

ਆਕਾਸ਼ਗੰਗਾਵਾਂ ਦੀ ਨਵੀਂ ਖੋਜ ਨੇ ਮਨੁੱਖ ਨੂੰ ਸ਼ੰਕੇ ਤੇ ਆਸਾਂ ਵਿਚਕਾਰ ਲਿਆ ਖੜ੍ਹਾ ਕੀਤਾ ਹੈ। ਸ਼ੰਕੇ ਇਹ ਹਨ ਕਿ ਅਜੇ ਵਿਸ਼ਵ ਦਾ ਪਸਾਰਾ ਹੋਰ ਅਗੇਰੇ ਵੀ ਹੋ ਸਕਦਾ ਹੈ। ਆਸਾਂ ਇਹ ਹਨ ਕਿ ਹੁਣ ਅਸੀਂ ਜ਼ਰੂਰ ਅੰਤਿਮ ਸੱਚਾਈ ਲਭ ਲਵਾਂਗੇ—ਇਸ ਬ੍ਰਹਿਮੰਡ ਦੀ ਸਿਰਜਨਾ ਦੀ ਸੱਚਾਈ, ਮਨੁੱਖ ਦੀ ਇਸ ਮਹਾਨ ਪਸਾਰੇ ਵਿਚ ਯੋਗ ਥਾਂ ਦੀ ਸੱਚਾਈ। ਇਹ ਗੱਲ ਨਿਸ਼ਚੇ ਨਾਲ ਕਹੀ ਜਾ ਸਕਦੀ ਹੈ ਕਿ ਆਕਾਸ਼ਗੰਗਾਵਾਂ ਦੀ ਲੱਭਤ ਨੇ ਤਾਰਾ-ਵਿਗਿਆਨ ਨੂੰ ਵਿਸ਼ਵ ਦੀ ਉਤਪਤੀ ਦੇ ਰੇਸ਼ਿਆਂ ਨੂੰ ਸਮਝਣ ਦੇ ਨੇੜੇ ਲਿਆਂਦਾ ਹੈ।

ਸਾਡੀ ਆਪਣੀ ਆਕਾਸ਼ਗੰਗਾ ਦੇ 'ਗੁਆਂਢ' ਵਿਚ ਹੀ ਇਕ ਹੋਰ ਵਿਸ਼ਾਲ ਵਿਸ਼ਵ ਹੈ, ਜਿਸ ਨੂੰ "ਐਂਡਰੋਮੀਡਾ ਆਕਾਸ਼ਗੰਗਾ" ਕਿਹਾ ਜਾਂਦਾ ਹੈ।

## ਦੂਰੀ ਤੇ ਆਕਾਰ—

ਜੇਕਰ ਐਂਡਰੋਮੀਡਾ ਆਕਾਸ਼ਗੰਗਾ ਦੀ ਪ੍ਰਿਥਵੀ ਤੋਂ ਦੂਰੀ ਨਾਪਣੀ ਹੋਵੇ ਤਾਂ ਸ਼ਾਇਦ ਸਾਡੇ ਕਿਲੋਮੀਟਰਾਂ ਦੇ ਅੰਕੜੇ ਸਾਨੂੰ ਬੜੇ ਅਜੀਬ ਜਿਹੇ ਭਾਸਣ। ਏਸੇ ਲਈ ਅਸੀਂ ਪੁਲਾੜੀ ਦੂਰੀਆਂ ਦੀ ਗੱਲ 'ਪ੍ਰਕਾਸ਼ ਵਰ੍ਹੇ' ਵਿਚ ਕਰਦੇ ਹਾਂ। ਸੂਰਜ ਦੀ ਕਿਰਨ ਤਿੰਨ ਲੱਖ ਕਿਲੋਮੀਟਰ ਪ੍ਰਤੀ ਸੈਕਿੰਡ ਦੀ ਦਰ ਨਾਲ ਦੌੜਦੀ ਹੋਈ ਇਕ ਵਰ੍ਹੇ ਵਿਚ ਜਿੰਨਾ ਪੈਂਡਾ ਮਾਰਦੀ ਹੈ ਉਸ ਨੂੰ ਇਕ 'ਪ੍ਰਕਾਸ਼ ਵਰ੍ਹਾ' ਮਿਥ ਲਿਆ ਜਾਂਦਾ ਹੈ। ਇਹ ਦੂਰੀ ਲਗਪਗ 11,80,00,00,00,000 ਕਿਲੋਮੀਟਰ ਬਣ ਜਾਂਦੀ ਹੈ। ਇਸ ਪੈਮਾਨੇ ਉੱਪਰ ਚੰਦਰਮਾ ਸਾਡੇ ਪਾਸੋਂ ਕੇਵਲ ਸਵਾ ਸਕਿੰਟ ਦੂਰ ਹੈ ਅਤੇ ਸੂਰਜ ਦੀ ਦੂਰੀ 8/1/3 ਕਹੀ ਜਾ ਸਕਦੀ ਹੈ। ਸਭ ਤੋਂ ਨਜ਼ਦੀਕੀ ਤਾਰਾ ਸਾਢੇ ਚਾਰ ਪ੍ਰਕਾਸ਼ ਵਰ੍ਹੇ ਦੂਰ ਹੈ ਅਤੇ ਇਹ ਐਂਡਰੋਮੀਡਾ—ਆਕਾਸ਼ਗੰਗਾ ? ਇਸ ਦੀ ਦੂਰੀ 20,00,000 ਪ੍ਰਕਾਸ਼ ਵਰ੍ਹੇ ਬਣਦੀ ਹੈ। ਹੁਣ ਕਿਲੋਮੀਟਰਾਂ ਦਾ ਪੈਂਡਾ ਤੁਸੀਂ ਆਪ ਕੱਢ ਲਵੋ। ਏਨੀ ਦੂਰ ਹੁੰਦੀ ਹੋਈ ਵੀ ਇਹ ਸਾਡੀਆਂ ਦੂਰ-ਦਰਸ਼ੀਆਂ ਦੀ ਪਕੜ ਵਿਚ ਹੈ ਅਤੇ ਇਸ ਵਿਚਲੇ ਤਾਰਿਆਂ ਦਾ ਅਧਿਐਨ ਬੜੀ ਚੰਗੀ ਤਰ੍ਹਾਂ ਕੀਤਾ ਜਾ ਰਿਹਾ ਹੈ।

ਇਹ ਆਕਾਸ਼ਗੰਗਾ ਕਿੰਨੀ ਕੁ ਮਹਾਨ ਹੋਵੇਗੀ, ਜਿਹੜੀ ਏਨੀ ਦੂਰੀ ਤੋਂ ਵੀ ਸਾਨੂੰ ਪ੍ਰਕਾਸ਼ ਭੇਜ ਰਹੀ ਹੈ ? ਕਈ ਵੇਰ ਤਾਂ ਇਹ ਨਿੱਖਰੀ ਹੋਈ ਚੰਨ-ਰਹਿਤ ਰਾਤ ਨੂੰ, ਇਹ ਨੰਗੀ ਅੱਖ ਨਾਲ ਵੀ ਦੇਖੀ ਜਾ ਸਕਦੀ ਹੈ। ਭਾਵੇਂ ਇਹ ਮੱਧਮ ਜਿਹੇ ਚੰਦਰਮਾ ਦੀ ਰੋਸ਼ਨੀ ਵਾਂਗ ਨਜ਼ਰ ਆਉਂਦੀ ਹੈ, ਪਰ ਇਹ ਮਨੁੱਖ ਵਲੋਂ ਭੇਜੇ ਗਏ ਕਿਸੇ ਉਪਗ੍ਰਹਿ ਦੀ ਦੂਰੀ ਤੋਂ ਵੀ ਕਰੋੜਾਂ ਕਿਲੋਮੀਟਰ ਦੂਰ ਹੈ .. ਚੰਦਰਮਾ ਦੀ ਦੂਰੀ ਤੋਂ ਵੀ ਕਈ ਅਰਬਾਂ ਗੁਣਾ ਅਗੇ ਹੈ ...ਸੂਰਜ ਮੰਡਲ ਦੇ ਅੰਤਲੇ ਗ੍ਰਹਿ ਯਮ (ਪਲੂਟੋ) ਤੋਂ ਵੀ ਕਈ ਹਜ਼ਾਰ ਕਰੋੜ ਗੁਣਾ ਅੱਗੇ ...। ਅਸੀਂ ਤਾਂ



www.AKJ.Org

ਉਸ ਰੋਸ਼ਨੀ ਵੱਲ ਦੇਖ ਰਹੇ ਹੁੰਦੇ ਹਾਂ ਜਿਹੜੀ ਐਂਡਰੋਮੀਡਾਂ ਆਕਾਸ਼ਗੰਗਾ ਤੋਂ 20 ਲੱਖ ਵਰ੍ਹੇ ਪਹਿਲਾਂ ਚੱਲੀ ਸੀ ਏਨਾ ਲੰਮਾ ਪੈਂਡਾ ਮਾਰ ਕੇ ਇਹ ਰੋਸ਼ਨੀ ਐਂਡਰੋਮੀਡਾ ਤੋਂ ਸਾਡੇ ਤੀਕ ਪੁੱਜਦੀ ਹੈ।

ਇਸ ਆਕਾਸ਼ ਗੰਗਾ ਦੀ ਖੋਜ ਟੈਲੀਸਕੋਪ ਦੇ ਆਉਣ ਤੋਂ ਪਹਿਲਾਂ ਹੀ ਹੋ ਚੁਕੀ ਸੀ। ਇਸ ਦਾ ਕੇਂਦਰੀ ਭਾਗ ਏਨਾ ਜ਼ਿਆਦਾ ਲਿਸ਼ਕਦਾ ਹੈ ਕਿ ਨੰਗੀ ਅੱਖ ਨਾਲ ਹੀ ਪੁਰਾਣੇ ਜੋਤਸ਼ੀਆਂ ਨੇ ਇਸ ਦਾ ਟਿਕਾਣਾ ਲੱਭ ਰੱਖਿਆ ਸੀ। ਉਦੋਂ ਇਸ ਨੂੰ ਸਥਿਰ ਤਾਰਿਆਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਸੀ। ਪਹਿਲਾਂ ਪਹਿਲ ਇਸ ਦਾ ਜ਼ਿਕਰ ਫ਼ਾਰਸ ਦੇ ਤਾਰਾ-ਖੋਜੀ ਅਲ-ਸੂਫ਼ੀ ਨੇ ਸੰਨ **964** ਵਿਚ ਕੀਤਾ ਸੀ। ਉਸ ਦਾ ਵੀ ਵਿਚਾਰ ਸੀ ਕਿ ਇਹ ਕੋਈ ਸਥਿਰ ਤਾਰਿਆਂ ਦਾ ਝੁਰਮਟ ਹੈ।

ਫਿਰ ਟੈਲੀਸਕੋਪ ਦੀ ਈਜਾਦ ਪਿਛੋਂ ਇਸ ਦਾ ਰੂਪ ਹੋਰ ਨਿੱਖਰਿਆ ਅਤੇ ਸੰਨ 1612 ਵਿਚ ਇਹ ਆਕਾਸ਼-ਗੰਗਾ ਸਾਡੇ ਨਕਸ਼ਿਆਂ ਵਿਚ ਆ ਗਈ। ਇਸ ਦਾ ਵਿਆਸ ਸਾਡੀ ਆਪਣੀ ਆਕਾਸ਼-ਗੰਗਾ ਨਾਲੋਂ ਕਿਤੇ ਜ਼ਿਆਦਾ ਹੈ। ਸਾਡੀ ਆਕਾਸ਼-ਗੰਗਾ ਇਸਦੇ ਟਾਕਰੇ ਵਿਚ ਬੜੀ ਮੱਧਰੀ ਜਿਹੀ ਲਗਦੀ ਹੈ। ਐਂਡਰੋਮੀਡਾ ਦਾ ਪੁੰਜ ਸਾਡੀ ਆਕਾਸ਼ਗੰਗਾ ਦੇ ਪੁੰਜ ਨਾਲੋਂ 65 ਪ੍ਰਤੀਸ਼ਤ ਵੱਧ ਹੈ।

ਬਣਤਰ–

ਤਾਰਿਆਂ ਦੇ ਇਸ ਵਿਸ਼ਾਲ ਚੱਕ ਦਾ ਵਿਚਕਾਰਲਾ ਭਾਗ ਇਕ ਮਹਾਨ ਸੂਰਜ ਵਾਂਗ ਲਿਸ਼ਕ ਰਿਹਾ ਹੈ। ਵਿਗਿਆਨੀਆਂ ਨੇ ਇਸ ਕੇਂਦਰੀ ਨਾਭੀ ਨੂੰ 'ਨਿਹਾਰਿਕਾ' (ਨੈਬੂਲਾ) ਦਾ ਨਾਂ ਦਿੱਤਾ ਹੈ। ਇਸ ਤਰ੍ਹਾਂ ਲਗਦਾ ਹੈ ਜਿਵੇਂ ਦੂਧੀਆ ਜਿਹਾ ਬੱਲਬ ਲਿਸ਼ਕ ਰਿਹਾ ਹੈ...ਧੂੜ ਜਗਮਗਾ ਰਹੀ ਹੋਵੇ ਤੇ ਉਸ ਦੇ ਦੁਆਲੇ ਤਾਰਿਆਂ ਦੇ ਝੁਰਮਟ ਘੁਮਿਆਰ ਦੇ ਚੱਕ ਵਾਂਗ ਹੀ ਘੁੰਮ ਰਹੇ ਹੋਣ। ਤਾਰਾ-ਵਿਗਿਆਨੀਆਂ ਨੇ ਇਕ ਗੱਲ ਹੋਰ ਵੀ ਲੱਭੀ ਹੈ ਕਿ ਐਂਡਰੋਮੀਡਾ ਆਕਾਸ਼ਗੰਗਾ ਦੀ ਸਾਡੇ ਕੋਲੋਂ ਦੂਰੀ ਘਟ ਰਹੀ ਹੈ। ਕੀ ਇਸ ਤੋਂ ਇਹ ਸਿੱਟਾ ਕੱਢ ਲਿਆ ਜਾਏ ਕਿ ਇਹ ਦੋਵੇਂ ਭੈਣਾਂ ਪੁਲਾੜ ਵਿਚ ਇਕ ਦੂਜੇ ਦੇ ਨੇੜੇ ਆ ਰਹੀਆਂ ਹਨ ? ਖਗੋਲ ਸ਼ਾਸਤ੍ਰੀਆਂ ਦਾ ਕਹਿਣਾ ਹੈ ਕਿ ਇਹ ਵਰਤਾਰਾ ਸਾਡੀ ਆਪਣੀ ਆਕਾਸ਼ਗੰਗਾ ਦੀ ਦੈਨਿਕ ਗਤੀ ਸਦਕਾ ਹੈ। ਸਾਡਾ ਸੂਰਜ ਇਸ ਆਕਾਸ਼ਗੰਗਾ ਦੀ ਇਕ ਬਾਹੀ ਵਿਚ ਸਥਿਤ ਹੈ। ਇਹ ਪਾਸਾ ਹੁਣ ਐਂਡਰੋਮੀਡਾ ਵੱਲ ਜਾ ਰਿਹਾ ਹੈ ਜਿਸ ਕਰਕੇ ਸਾਨੂੰ ਕੁਝ ਸਮੇਂ (ਅਰਬਾਂ ਵਰ੍ਹੇ) ਲਈ ਇਹ ਨੇੜਤਾ ਮਹਿਸੂਸ ਹੋਣੀ ਹੈ।

ਕੇਂਦਰੀ ਨਾਭੀ ਦੇ ਦੁਆਲੇ ਲਾਲ ਤਾਰਿਆਂ ਦੇ ਬੇਸ਼ੁਮਾਰ ਝੁਰਮਟ ਹਨ, ਜਿਹੜੇ ਆਪਣੇ ਜੀਵਨ ਦੇ ਅੰਤਲੇ ਪੜਾ ਤੇ ਹਨ। ਇਹ ਵੀ ਹੌਲੀ ਹੌਲੀ ਭਸਮ ਹੋ ਕੇ ਵਿਚਕਾਰਲੀ ਚਿੱਟੀ ਨਿਹਾਰਕਾ ਦੀ ਧੂੜ ਵਿਚ ਜਾ ਰਲਣਗੇ। ਪਾਸਿਆਂ ਵੱਲ ਦੂਰ ਤੀਕ ਨੀਲੀ ਭਾਹ ਮਾਰਦੀ ਆਕਾਸ਼ਗੰਗਾ ਹੈ, ਜਿਸ ਵਿਚ ਨਵਜੰਮੇ ਤਾਰੇ ਹਨ। ਇਨ੍ਹਾਂ ਦਾ ਆਕਾਰ ਤੇ ਭਾਰ ਬਹੁਤ ਜ਼ਿਆਦਾ ਹੈ। ਐਂਡਰੋਮੀਡਾ ਆਕਾਸ਼ਗੰਗਾ ਦੇ ਉੱਪਰ ਤੇ ਹੇਠਾਂ ਵੱਲ ਦੋ ਹੋਰ ਚਿੱਟੇ ਟਿਮਕਣੇ ਜਿਹੇ ਨਜ਼ਰੀਂ ਆਉਂਦੇ ਹਨ। ਤਾਰਾ-ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਦੋ ਵੱਖਰੀਆਂ ਆਕਾਸ਼ ਗੰਗਾਵਾਂ ਹਨ, ਜਿਹੜੀਆਂ ਉਪ ਗ੍ਰਹਿਆਂ ਵਾਂਗ ਐਂਡਰੋਮੀਡਾ ਦੇ ਨਾਲ ਨਾਲ ਰਹਿੰਦੀਆਂ ਹਨ।

ਇਸ ਆਕਾਸ਼ਗੰਗਾ ਵਿਚ ਲਗਪਗ 200 ਕਰੋੜ ਤਾਰੇ ਹਨ, ਤੇ ਇਹ ਗਿਣਤੀ ਸਾਡੀ ਆਕਾਸ਼ਗੰਗਾ ਦੇ ਤਾਰਿਆਂ ਨਾਲੋਂ ਕਿਤੇ ਜ਼ਿਆਦਾ ਹੈ। ਇਸ ਵਿਚ ਤਾਰਿਆਂ ਦੇ ਬੇਸ਼ੁਮਾਰ ਜੁੱਟ ਹਨ। ਦੂਹਰੇ ਤਾਰੇ, ਤਾਰਿਆਂ ਦੀ ਧੂੜ ਅਤੇ ਉਹ ਪੁਲਾੜੀ ਬੱਦਲ ਵੀ ਇਸ ਵਿਚ ਦੇਖੇ ਗਏ ਹਨ ਜਿਸ ਤੋਂ ਤਾਰਿਆਂ ਦਾ ਜਨਮ ਹੁੰਦਾ ਹੈ। ....

[ਰੋਜ਼ਾਨਾ 'ਅਜੀਤ' ੪-੯-੮੮

ਭਗਤ ਕਬੀਰ ਜੀ ਅਕਾਸ਼ ਵਿਚਲੇ ਤਾਰਾ-ਮੰਡਲ ਅਥਵਾ ਅਕਾਸ਼ਗੰਗਾ ਨੂੰ ਵੇਖ ਕੇ ਵਿਸਮਾਦ ਵਿਚ ਆਏ ਹੋਏ ਇਕ ਪੰਡਤ ਜੀ ਨੂੰ ਪੁਛ ਰਹੇ ਹਨ–

ਓਇ ਸੁ ਦੀਸਹਿ ਅੰਬਰਿ ਤਾਰੇ ॥ ਕਿਨਿ ਓਇ ਚੀਤੇ ਚੀਤਨਹਾਰੇ ॥ (ਪੰਨਾ ੩੨੯)



www.AKJ.Org

ਅਕਾਸ਼ ਵਿਚਲੇ ਇਨ੍ਹਾਂ ਤਾਰਿਆਂ ਨੂੰ ਕਿਸ ਚਿਤਰਕਾਰ ਨੂੰ ਐਡੀ ਕਾਰੀਗਰੀ ਨਾਲ ਥਾਉਂ ਥਾਈਂ ਸਜਾਇਆ ਹੈ ? ਇਸ ਅਚਰਜ ਨਜ਼ਾਰੇ ਨੂੰ ਵੇਖ ਕੇ ਭਗਤ ਜੀ ਕਹਿੰਦੇ ਹਨ ਕਿ ਇਹ ਚਿਤ੍ਰ ਹੈ ਹੀ ਬੜਾ ਬਚਿਤ੍ਰ, ਬੜਾ ਮਨਮੋਹਣਾ ਤੇ ਚਕ੍ਰਿਤ ਕਰ ਦੇਣ ਵਾਲਾ। ਤਾਂ ਤੇ ਇਸ ਬਚਿਤ੍ਰ ਚਿਤ੍ਰ ਵਿਚ ਹੀ ਨਾ ਭੁਲ ਜਾਈਏ, ਸਗੋਂ ਇਸ ਚਿਤ੍ਰ ਨੂੰ ਰਚਣ ਵਾਲੇ ਚਿਤਰਕਾਰ ਦੀ ਕਮਾਲੀਅਤ ਨੂੰ ਚਿਤਾਰ ਕੇ, ਉਸ ਦੇ ਚਰਨਾਂ ਨਾਲ ਜੁੜੀਏ । ਫ਼ੁਰਮਾਨ ਹੈ–

ਚਚਾ ਰਚਿਤ ਚਿਤ੍ਰ ਹੈ ਭਾਰੀ ॥ ਤਜਿ ਚਿਤ੍ਰੈ ਚੇਤਹੁ ਚਿਤਕਾਰੀ ॥
ਚਿਤ੍ਰ ਬਚਿਤ੍ਰ ਇਹੈ ਅਵਝੇਰਾ ॥ ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ ॥੨॥ (ਪੰਨਾ ੩੪੦)

ਸਾਇੰਸਦਾਨਾਂ ਨੇ ਤਾਂ ਕਰਤੇ ਪੁਰਖ ਦੀ ਇਸ ਬਚਿਤ੍ਰ ਲੀਲ੍ਹਾ ਨੂੰ ਜਾਣਨ ਵਾਸਤੇ ਆਪਣੀਆਂ ਉਮਰਾਂ ਖੋਜ-ਸ਼ਾਲਾਂ ਵਿਚ ਲਾ ਛੱਡੀਆਂ, ਪਰ ਇਸ ਲੀਲ੍ਹਾ ਦੇ ਰਚਣਹਾਰ ਨੇ ਅੱਖ ਦੇ ਫੋਰ ਵਿਚ ਹੀ ਇਹ ਬੇਅੰਤ ਪਸਾਰਾ ਆਪਣੇ ਹੁਕਮ ਦੁਆਰਾ ਰਚ ਦਿਤਾ, ਇਸ ਨੂੰ ਸਾਜਣ ਸਜਾਉਣ ਵਿਚ ਉਸ ਨੂੰ ਕੋਈ ਤਰੱਦਦ ਨਹੀਂ ਕਰਨਾ ਪਿਆ, ਸਹਿਜੇ ਹੀ ਇਕੋ ਬਚਨ ਨਾਲ, ਹੁਕਮ ਦੇ ਇਕ ਇਸ਼ਾਰੇ ਮਾਤਰ ਨਾਲ ਸਭ ਕੁਝ ਹੋਂਦ ਵਿਚ ਆ ਗਿਆ। ਸਤਿਗੁਰੂ ਨਾਨਕ ਪਾਤਸ਼ਾਹ ਨੇ ਜਪੁਜੀ ਸਾਹਿਬ ਵਿਚ ਇਸ ਭੇਦ ਨੂੰ ਖੋਲ੍ਹਦਿਆਂ ਫ਼ੁਰਮਾਇਆ ਹੈ–

ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥੧੬॥

ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਾਰੂ ਰਾਗ ਵਿਚ ਫ਼ੁਰਮਾਇਆ ਹੈ ਕਿ ਉਸ ਓਅੰਕਾਰ ਤੋਂ ਸਾਰੀ ਉਤਪਤੀ ਨਿਮਖ ਮਾਤਰ ਵਿਚ ਹੋਈ–ਦਿਨ-ਰਾਤਾਂ, ਵਣ ਤ੍ਰਿਣ, ਤ੍ਰਿਭਵਣ, ਪਾਣੀ, ਜੀਵਾਂ ਦੀਆਂ ਖਾਣੀਆਂ, ਖੰਡ ਦੀਪ ਆਦਿ ਸਭ ਹੁਕਮ ਦੀ ਹੀ ਇਕ ਖੇਡ ਹੈ। ਫ਼ੁਰਮਾਨ ਹੈ–

ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥
ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥ ਚਾਰਿ ਬੇਦ ਚਾਰੇ ਖਾਣੀ ॥
ਖੰਡ ਦੀਪ ਸਭਿ ਲੋਅ ॥ ਏਕ ਕਵਾਵੈ ਤੇ ਸਭਿ ਹੋਆ ॥੧॥
ਕਰਣੈਹਾਰਾ ਬੂਝਹੁ ਰੇ ॥ ਸਤਿਗੁਰੁ ਮਿਲੈ ਤ ਸੂਝੈ ਰੇ ॥੧॥ਰਹਾਉ॥ (ਪੰਨਾ ੧੦੦੩)

ਸਤਿਗੁਰੂ ਜੀ ਇਥੇ ਸਾਨੂੰ ਉਪਦੇਸ਼ ਕਰਦੇ ਹਨ ਕਿ ਉਸ ਬੇਅੰਤ ਪਿਤਾ ਦੀ ਇਸ ਬੇਅੰਤ ਉਤਪਤੀ ਅਤੇ ਬੇਅੰਤ ਰਚਨਾ ਦੇ ਦਰਸ਼ਨ ਕਰਦਿਆਂ, ਬਿਸਮਾਦ ਵਿਚ ਆਓ ਤੇ ਗਾਇਨ ਕਰੋ–

ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥੧॥ਰਹਾਉ॥੧੨॥ (ਆਸਾ ਦੀ ਵਾਰ)

ਪਿਛੇ ਦਿਤੀਆਂ ਤੁਕਾਂ ਵਿਚ ਪੰਚਮ ਪਾਤਸ਼ਾਹ ਜੀ ਬੇਅੰਤ ਪ੍ਰਭੂ ਦੀ ਬੇਅੰਤ ਕੁਦਰਤ ਦੀ ਸੋਝੀ ਦੇ ਕੇ ਸਾਨੂੰ ਹਲੂਣ ਕੇ ਕਹਿੰਦੇ ਹਨ ਕਿ ਇਸ ਐਡੇ ਵਡੇ ਪਸਾਰੇ ਵਿਚੋਂ "ਕਰਣੈਹਾਰਾ ਬੂਝਹੁ ਰੇ ॥" ਉਸ ਰਚਣਹਾਰ ਚਿਤਰਕਾਰ ਨੂੰ ਜਾਣਨਾ ਕਰੋ। ਪਰ ਨਾਲ ਦੀ ਤੁਕ ਵਿਚ ਇਹ ਭੀ ਪਰਗਟ ਕਰ ਦਿਤਾ ਹੈ ਕਿ ਐਸੇ ਬੇਅੰਤ ਵਾਹਿਗੁਰੂ ਜੀ ਨੂੰ ਜਾਣਨ ਲਈ ਜ਼ਰੂਰੀ ਸ਼ਰਤ ਇਹ ਹੈ ਕਿ "ਸਤਿਗੁਰੁ ਮਿਲੈ ਤ ਸੂਝੈ ਰੇ"।

ਵਾਹਿਗੁਰੂ ਜੀ ਲਈ ਇਸ ਬੇਅੰਤ ਤਮਾਸ਼ੇ ਨੂੰ, ਇਸ ਮਹਾਨ ਸਿਰਜਨਾ ਨੂੰ ਰਚਣ ਲਈ ਅਤੇ ਫਿਰ ਇਸ ਤਮਾਸ਼ੇ ਨੂੰ ਸਮੇਟਣ ਲਈ ਅੱਖ ਦੇ ਇਕ ਫੋਰ ਜਿੰਨਾ ਸਮਾਂ ਵੀ ਨਹੀਂ ਲਗਦਾ। ਇਹ ਅਸਚਰਜ ਚੋਜ, ਅਲੌਕਿਕ ਤਮਾਸ਼ੇ, ਉਹ ਕਈ ਵਾਰ ਰਚਦਾ ਹੈ ਅਤੇ ਪਰਗਟ ਪਹਾਰੇ ਕਰ ਵਿਖਾਂਦਾ ਹੈ, ਅਤੇ ਫਿਰ ਜਦੋਂ ਚਾਹੇ, ਸਾਰਾ ਤਮਾਸ਼ਾ ਅੱਖ ਦੇ ਫੋਰ ਵਿਚ ਹੀ ਇਕੱਠਾ ਕਰ ਕੇ, ਕੇਵਲ ਆਪੇ ਆਪ ਹੀ ਸੁੰਨ-ਮਸੁੰਨ ਰਹਿ ਜਾਂਦਾ ਹੈ। ਇਸ ਪਰਸੰਗ ਵਿਚ ਵਾਹਿਗੁਰੂ ਦੀ ਇਸ ਬੇਅੰਤ ਲੀਲ੍ਹਾ ਨੂੰ ਸ੍ਰੀ ਸੁਖਮਨੀ ਸਾਹਿਬ ਵਿਚ ਪੰਚਮ ਪਾਤਸ਼ਾਹ ਜੀ ਇਉਂ ਬਿਆਨ ਕਰਦੇ ਹਨ–

ਨਾਨਾ ਰੂਪ ਨਾਨਾ ਜਾ ਕੇ ਰੰਗ ॥ ਨਾਨਾ ਭੇਖ ਕਰਹਿ ਇਕ ਰੰਗ ॥.....
ਨਾਨਾ ਚਲਿਤ ਕਰੇ ਖਿਨ ਮਾਹਿ ॥ ਪੂਰਿ ਰਹਿਓ ਪੂਰਨ ਸਭ ਠਾਇ ॥੪॥੧੯॥


www.AKJ.Org

ਅਤੇ– ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥ ਤਿਸ ਕਾ ਮੰਤ੍ਰ ਨ ਜਾਨੈ ਹੋਰੁ ॥੨॥੧੯॥
ਫਿਰ– ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕ ਏਕੰਕਾਰੁ ॥
ਤਾ ਕਾ ਅੰਤੁ ਨ ਜਾਨੈ ਕੋਇ ॥ ਆਪੇ ਆਪਿ ਨਾਨਕ ਪ੍ਰਭੁ ਸੋਇ ॥੭॥੧੦॥

ਸਤਿਗੁਰੂ ਨਾਨਕ ਦੇਵ ਜੀ ਨੇ ਇਹੋ ਗੱਲ ਪਹਿਲਾਂ ਹੀ ਸ੍ਰੀ ਜਪੁਜੀ ਸਾਹਿਬ ਵਿਚ ਸਪੱਸ਼ਟ ਕਰ ਦਿਤੀ ਸੀ ਕਿ–

ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥
ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ ॥੨੪॥

ਉਸ ਬੇਅੰਤ ਪ੍ਰਭੂ ਦੀ ਰਚਨਾ ਦਾ ਅੰਤ ਜਾਣਨ ਲਈ ਅਨੇਕਾਂ ਪ੍ਰਾਣੀ ਵਿਲਕਦੇ, ਤਰਲੇ ਲੈਂਦੇ ਤੁਰ ਗਏ, ਪਰ ਉਸ ਪ੍ਰਭੂ ਦੀ ਅਸਚਰਜ ਰਚਨਾ ਦਾ ਅੰਤ ਨਾ ਪਾ ਸਕੇ। ਅੰਤ ਵਿਚ ਸਾਰੇ ਹੀ ਉਸ ਪ੍ਰਭੂ ਦੀ ਬੇਅੰਤਤਾ ਨੂੰ ਵੇਖ ਵੇਖ, ਅਸਚਰਜ ਹੋਏ ਉਸ ਦੇ ਗੁਣ ਗਾਇਨ ਕਰਦੇ ਕਰਦੇ ਇਥੇ ਅਪੜ ਗਏ–

ਜੋ ਤਿਸੁ ਭਾਵੈ ਸੋਈ ਕਰਸੀ, ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੨੭॥ (ਜਪੁ ਜੀ)

ਐਸੇ ਵਾਹਿਗੁਰੂ ਜੀ, ਸ਼ਾਹਾਂ ਪਾਤਸ਼ਾਹਾਂ ਸਭ ਦੇ ਸਾਹਿਬ ਹਨ। ਆਪਣੇ ਹੁਕਮ ਵਿਚ ਜੋ ਕੁਝ ਉਸ ਨੂੰ ਭਾਉਂਦਾ ਹੈ, ਉਹ ਕਰ ਰਿਹਾ ਹੈ। ਅਸੀਂ ਉਸ ਦਾ ਅੰਤ ਨਹੀਂ ਪਾ ਸਕਦੇ। ਉਸ ਰਜ਼ਾਈ ਮਾਲਕ ਦੇ ਹੁਕਮ ਵਿਚ ਰਹਿਣਾ ਹੀ ਸਾਡੇ ਲਈ ਬਣਦਾ ਹੈ। ਨਿਰੰਕਾਰੀ ਬਾਬਾ ਜੀ ਜਪੁਜੀ ਦੇ ਅੰਤ ਵਿਚ ਫ਼ੁਰਮਾਉਂਦੇ ਹਨ ਕਿ ਘਾਲ ਕੇਵਲ ਉਨ੍ਹਾਂ ਦੀ ਹੀ ਥਾਈਂ ਪੈਣੀ ਹੈ, ਜਿਹੜੇ ਨਾਮ ਨੂੰ ਧਿਆਉਂਦੇ ਹਨ। ਉਹ ਆਪ ਇਸ ਭਵ-ਸਾਗਰ ਤੋਂ ਤਰ ਜਾਂਦੇ ਹਨ ਅਤੇ ਹੋਰਨਾਂ ਨੂੰ ਨਾਮ-ਸਿਮਰਨ ਵਾਲੇ ਰਾਹੇ ਪਾ ਕੇ ਉਨ੍ਹਾਂ ਦੇ ਛੁਟਕਾਰੇ ਦਾ ਸਾਧਨ ਵੀ ਬਣ ਜਾਂਦੇ ਹਨ–

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੇ ਛੁਟੀ ਨਾਲਿ ॥

ਭਾਈ ਗੁਰਦਾਸ ਜੀ ਵੀ ਗੁਰਬਾਣੀ ਦੇ ਉਪਰੋਕ ਕਥੇ ਵੀਚਾਰ ਦੀ ਵਿਆਖਿਆ ਕਰਦੇ ਹੋਏ ਆਪਣੀਆਂ ਵਾਰਾਂ ਵਿਚ ਲਿਖਦੇ ਹਨ ਕਿ ਕਿਸੇ ਮਨੁਖ ਦੀ ਕੋਈ ਪਾਂਇਆਂ ਨਹੀਂ ਕਿ ਉਸ ਦੀ ਅਕੱਥ ਕੁਦਰਤਿ ਦੀ ਕਹਾਣੀ ਨੂੰ ਦਸ ਸਕੇ। ਭਾਈ ਸਾਹਿਬ ਜੀ ਇਸ ਅਕੱਥ ਤੇ ਬਿਸਮਾਦ ਕਥਾ ਨੂੰ ਇਉਂ ਬਿਆਨ ਕਰਦੇ ਹਨ–

ਕਾਦਰ ਨੋ ਕੁਰਬਾਣੁ ਕੀਮ ਨ ਜਾਣੀਐ ॥ ਕੇਵਡੁ ਵਡਾ ਹਾਣੁ ਆਖਿ ਵਖਾਣੀਐ ॥
ਕੇਵਡੁ ਆਖਾ ਤਾਣੁ ਮਾਣੁ ਨਿਮਾਣੀਐ ॥ ਲਖ ਜਿਮੀ ਅਸਮਾਣ ਤਿਲੁ ਨ ਤੁਲਾਣੀਐ ॥
ਕੁਦਰਤਿ ਲਖ ਜਹਾਨ, ਹੋਇ ਹੈਰਾਣੀਐ ॥ ਸੁਲਤਾਨਾ ਸੁਲਤਾਨੁ ਹੁਕਮੁ ਨੀਸਾਣੀਐ ॥
ਲਖ ਸਾਇਰ ਨੈਸਾਣ ਬੂੰਦ ਸਮਾਣੀਐ ॥ ਕੂੜ ਅਖਾਣ ਵਖਾਣ, ਅਕਥ ਵਖਾਣੀਐ ॥੧੫॥(੨੨)

[ਸਾਇਰ—ਸਮੁੰਦਰ। ਨੈਸਾਣ—ਨਦੀਆਂ, ਦਰਿਆ]

– ਓੜਕੁ ਓੜਕੁ ਭਾਲਿ, ਨ ਓੜਕੁ ਆਇਆ ॥ ਓੜਕ ਭਾਲਣਿ ਗਏ, ਸਿ ਫੇਰ ਨ ਆਇਆ ॥
ਓੜਕ ਲਖ ਕਰੋੜ, ਭਰਮਿ ਭੁਲਾਇਆ ॥ ਆਦੁ ਵਡਾ ਵਿਸਮਾਦੁ, ਨ ਅੰਤੁ ਸੁਣਾਇਆ ॥
ਹਾਥਿ ਨ ਪਾਰਾਵਾਰੁ, ਲਹਰੀ ਛਾਇਆ ॥ ਇਕ ਕਵਾਓ ਪਸਾਓ, ਨ ਅਲਖੁ ਲਖਾਇਆ ॥
ਕਾਦਰ ਨੋ ਕੁਰਬਾਣੁ, ਕੁਦਰਤਿ ਮਾਇਆ ॥ ਆਪੇ ਜਾਣੈ ਆਪੁ, ਗੁਰ ਸਮਝਾਇਆ ॥੩॥ (੨੨)

– ਕਰਿ ਬ੍ਰਹਮੰਡ ਕਰੋੜਿ ਕਵਾਉ ਵਧਾਇਆ ॥ ਲਖ ਲਖ ਧਰਤਿ ਅਗਾਸ ਅਧਰ ਧਰਾਇਆ ॥
ਪਉਣੁ ਪਾਣੀ ਬੈਸੰਤਰੁ ਲਖ ਉਪਾਇਆ ॥ ਲਖ ਚਉਰਾਸੀਅ ਜੋਨਿ ਖੇਲੁ ਰਚਾਇਆ ॥੯॥(੨੨)*



www.AKJ.Org

# ਇਹ ਲੰਮੇ ਕੇਸਾਂ ਵਾਲੇ ਕੌਣ ਹਨ ?

ਸਿੰਘਾਂ ਦੇ ਹਲਿਆਂ ਤੋਂ ਤੰਗ ਆ ਕੇ ਨਾਦਰ ਸ਼ਾਹ ਨੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਨੂੰ ਪੁਛਿਆ ਕਿ ਇਹ ਲੰਮੇ ਕੇਸਾਂ ਵਾਲੇ ਕੌਣ ਹਨ ? ਜ਼ਕਰੀਆ ਖ਼ਾਨ ਦਾ ਉਤਰ ਗਿ: ਗਿਆਨ ਸਿੰਘ ਜੀ ਦੇ ਸ਼ਬਦਾਂ ਵਿਚ ਇਉਂ ਹੈ–

ਮੁਸਲਮਾਨ ਹਿੰਦੁਨ* ਤੇ ਨਜ਼ਾਰੀ । ਰੀਤਿ ਅਹੇ ਇਨ ਮੈਂ ਭਲ ਸਾਰੀ ।੧੦੪।
ਬੁੱਤ ਪ੍ਰਸਤੀ ਨ ਇਹ ਠਾਨੈ । ਗੰਗਾਦਿਕ ਤੀਰਥ ਨਹਿੰ ਮਾਨੈ ।
ਸੂਤਕ ਪਾਤਕ ਸ਼ਾਦੀ ਗਮੀ । ਜੰਞੂ ਤਿਲਕ ਨ ਮਾਲਾ ਲੰਮੀ ।੧੦੫।
ਪੱਤਲ ਪਿੰਡ ਸ਼ਰਾਧ ਨ ਖਜਾਹੈਂ† । ਹਿੰਦੁਨ ਸਮ ਕੁਛ ਕਰਤ ਨ ਯਾਹੈਂ ।
ਕਿਸੀ ਠੌਰ ਤੇ ਕੇਸ ਕਬੀ ਹੀ । ਨਾਹਿੰ ਮੁੰਡਾਵਤ ਰਖਤ ਸਭੀ ਹੀ ।੧੦੬।
ਰਾਮ ਕ੍ਰਿਸ਼ਨ ਸ਼ਿਵ ਸ਼ਕਤਿ ਗਨੇਸ਼ੈਂ । ਤਜਿ ਇਨ ਕੋ ਭਜਿ ਹੈਂ ਇਕ ਏਸ਼ੈਂ ।
ਰਾਮ ਰਹੀਮ ਨਾਮ ਨਹਿੰ ਲੈ ਹੈਂ । ਵਾਹਿਗੁਰੂ ਸਤਿਨਾਮ ਜਪੈ ਹੈਂ ।੧੦੭।
ਨਿਜ ਗੁਰੂਅਨ ਕੀ ਬਾਨੀ ਬਿਨਾ । ਅਵਰ ਨ ਪਢਿਤ ਕਬੀ ਕਿਛੁ ਸੁਨਾ ।
ਨਿਜ ਗੁਰਦ੍ਵਾਰਨ ਗ੍ਰੰਥ ਬਿਨਾ ਹੈ । ਸਿਜਦਾ ਕਰਤ ਨ ਕਬੀ ਕਿਥਾਂ ਹੈ ।੧੦੮।......
ਪਢਿਤ ਅਨੰਦ ਮਨਿੰਦ ਨਕਾਹੈਂ । ਮਰੈ ਤ ਹਲੂਆ ਕਰਿ ਬਰਤਾਹੈਂ ।੧੧੦।
ਖੈਹੈਂ, ਮਾਤ੍ਰਮ ਤੁਰਤ ਉਠੈ ਹੈਂ । ਸੋਗ ਨ ਸਜ਼ਾਪਾ ਕਛੂ ਕਰੈ ਹੈਂ ।
ਜੰਮਣ ਮਰਣਾ ਆਵਣ ਜਾਨੈਂ । ਇਕ ਅਕਾਲ ਕਾ ਭਾਣਾ ਮਾਨੈਂ ।੧੧੧।
ਬਿਨਾ ਵਾਹਿਗੁਰੂ ਨਾਮ ਉਚਾਰੇ । ਕਬੀ ਨ ਕਿਛੁ ਮੁਖ ਮੈਂ ਯਹਿ ਡਾਰੇਂ ।
ਰਾਮ ਰਾਮ ਅਰ ਠੌਰ ਸਲਾਮੈਂ । ਵਾਹਿਗੁਰੂ ਕੀ ਫਤੇ ਬੁਲਾਮੈਂ‡ ।੧੧੨।

[ਪੰਥ ਪ੍ਰਕਾਸ਼ ਉਤ੍ਰਾਰਧ, ਬਿਸ੍ਰਾਮ ੩੦

---

ਅੰਤ ਵਿਚ ਨਿਰੰਕਾਰੀ ਬਾਬੇ ਦੇ ਇਨ੍ਹਾਂ ਫ਼ੁਰਮਾਨਾਂ ਨਾਲ ਜੁੜਦੇ ਹਾਂ–

ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥
ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥੨੪॥ (ਜਪੁਜੀ)

ਬੇਅੰਤ ਕੁਦਰਤ ਦੇ ਰਚਣਹਾਰ ਪ੍ਰਭੂ ਦੇ ਇਹ ਅਸਚਰਜ ਕੌਤਕ ਵੇਖ ਵੇਖ ਗੁਰੂ ਬਾਬਾ ਜੀ ਵਿਸਮਾਦ-ਰੰਗਾਂ ਵਿਚ ਉਚਾਰ ਰਹੇ ਹਨ –

ਵੇਖਿ ਵਿਡਾਣੁ ਰਹਿਆ ਬਿਸਮਾਦੁ ॥ ਨਾਨਕ ਬੁਝਣੁ ਪੂਰੈ ਭਾਗਿ ॥੨॥੩॥ (ਆਸਾ ਦੀ ਵਾਰ)
[ਵਿਡਾਣੁ—ਅਸਚਰਜ ਕੌਤਕ]

ਅਤੇ– ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ ॥੪॥੨॥ (ਪੰਨਾ ੭੭੮)

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਅਲੌਕਿਕ ਕੁਦਰਤ ਦੇ ਰਚਣਹਾਰੇ ਦੇ ਰੰਗਾਂ ਵਿਚ ਰਤੇ ਹੋਏ ਇਉਂ ਗਾਉਂਦੇ ਹਨ–

ਬਿਸਮੁ ਭਏ ਬਿਸਮਾਦ ਦੇਖਿ ਕੁਦਰਤਿ ਤੇਰੀਆ ॥੧੧॥ (ਵਾਰ ਗੂਜਰੀ ਮ: ੫–੫੨੧)

ਅਤੇ–ਬਿਸਮਨ ਬਿਸਮ ਭਏ ਬਿਸਮਾਦ ॥ ਨਾਨਕ ਅਪਨੀ ਗਤਿ ਜਾਨਹੁ ਆਪਿ ॥੫॥੨੧॥ (ਸੁਖਮਨੀ ਸਾਹਿਬ)

ਪ੍ਰਭੂ ਦੇ ਜਨ, ਪ੍ਰਭੂ ਦੇ ਇਨ੍ਹਾਂ ਬਿਸਮਾਦੀ ਦਰਸ਼ਨਾਂ ਵਿਚ, ਸਦਾ ਨਾਮ ਦੇ ਚਲੂਲੇ ਰੰਗ ਮਾਣਦੇ ਹਨ । ਅਤੇ ਵਾਹਿਗੁਰੂ ਜੀ ਦੀ ਬਖਸ਼ਸ਼ ਨਾਲ ਜਿਸ ਕਿਸੇ ਨੂੰ ਇਹ ਸਿਫ਼ਤਿ-ਸਾਲਾਹ ਦੀ ਦਾਤਿ ਪ੍ਰਾਪਤ ਹੁੰਦੀ ਹੈ, ਉਹ ਪਾਤਿਸ਼ਾਹਾਂ ਦਾ ਪਾਤਿਸ਼ਾਹ ਹੈ–

ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥ (ਜਪੁਜੀ)

*ਹਿੰਦੂਆਂ ਤੋਂ । †ਮਰਨ ਵਾਲੇ ਦਿਨ (ਬਰਸੀ) ਕੀਤਾ ਪੁੰਨ ਦਾਨ । ‡ਬੁਲਾਂਦੇ ਹਨ ।



www.AKJ.Org

# 'ਸਿੱਖੀ' ਪਰਮ-ਪਰਮਾਤਮਾ ਦਾ ਪ੍ਰਚੰਡ ਪ੍ਰਕਾਸ਼

[ਪ੍ਰਿੰਸੀਪਲ ਨਾਹਰ ਸਿੰਘ ਗਰੇਵਾਲ, ਕ੍ਰਿਸ਼ਨ ਨਗਰ, ਲੁਧਿਆਣਾ]

1. ਰੱਬ ਤੇ ਗੁਰੂ–

ਇਸ ਲੇਖ ਦਾ ਹੈਡਿੰਗ ਸਾਫ਼ ਸਪੱਸ਼ਟ ਦੱਸਦਾ ਹੈ ਕਿ ਸਿੱਖੀ ਜਾਂ ਸਿੱਖ ਧਰਮ ਇਸ ਧਰਤੀ ਤੇ ਪਰੀਪੂਰਨ ਅਕਾਲ ਪੁਰਖ ਦੀ ਜੀਊਂਦੀ ਜਾਗਦੀ ਜੋਤਿ, ਉਤਮ ਅਨੂਪ ਆਤਮਾ ਅਤੇ ਸੁਹਣਾ ਸੁੰਦਰ ਸਰੂਪ ਹੈ। ਸਿੱਖੀ ਦੇ ਬੁਨਿਆਦੀ ਤੇ ਮੌਲਿਕ ਅਮੋਲਕ ਸਿਧਾਂਤ ਤੇ ਮਰਯਾਦਾ, ਸੰਸਾਰ ਦੇ ਕਿਸੇ ਧਰਮ ਤੋਂ ਖੋਹੇ-ਖਿੰਜੇ ਹੋਏ ਨਹੀਂ ਹਨ, ਸਗੋਂ ਸਿੱਖ ਸਤਿਗੁਰਾਂ ਦੀ '੧ਓ' ਨਾਲ ਸਿੱਧੀ ਸੰਗਤ, ਸੁਹਬਤ, ਸਲਾਹ, ਮਿੱਤਰਤਾ, ਮਿਲਾਪ, ਪਹੁੰਚ ਤੇ ਵਾਰਤਾਲਾਪ ਦਾ ਫਲ-ਸਰੂਪ, ਨਤੀਜਾ ਹਨ। ਉਹ ਦੇਹ ਸ੍ਰੂਪ ਵਿਚ ਪਰਮਾਤਮਾ ਦਾ ਆਦੇਸ਼, ਆਦਰਸ਼, ਉਦੇਸ਼, ਉਪਦੇਸ਼ ਤੇ ਸੰਦੇਸ਼ ਲੈ ਕੇ ਆਏ। ਧਰਤੀ ਦੇ ਮਨੁੱਖ ਨੂੰ ਮਨੁੱਖ ਜਿਹਾ ਰੂਪ ਧਾਰ ਕੇ ਹੀ ਸਿੱਖਿਆ, ਸਤਿਆ, ਮਨੁੱਖ ਦੀ ਭਾਸ਼ਾ ਵਿਚ ਹੀ ਦਿੱਤੀ ਜਾ ਸਕਦੀ ਹੈ। ਕੋਈ ਹੋਰ ਜਾਨਦਾਰ ਜੀਵ ਜਾਂ ਬੇਜਾਨ ਜੜ੍ਹ ਵਸਤੂ ਅਜਿਹਾ ਕਰਨ ਦੇ ਸਮਰੱਥ ਨਹੀਂ। ਪਰਮਾਤਮਾ ਆਪ ਵੀ ਇਸੇ ਦੇਹ ਵਿਚ ਵੱਸਦਾ ਹੈ। ''ਹਰਿ ਮੰਦਰੁ ਏਹੁ ਸਰੀਰੁ ਹੈ*'' ਤੇ ਇਹੋ ''ਸਚੈ ਕੀ ਹੈ ਕੋਠੜੀ, ਸਚੇ ਕਾ ਵਿਚਿ ਵਾਸੁ''† ਹੈ।

2. ਸਿੱਖੀ ਦਾ ਸੋਮਾ–

ਉਪਰ ਲਿਖੇ ਕਥਨ ਦੀ ਪੁਸ਼ਟੀ ਲਈ ਸਾਨੂੰ ਸਤਿਗੁਰਾਂ ਦੇ ਆਪਣੇ ਹੀ ਬਚਨਾਂ ਦੀ ਗਵਾਹੀ-ਅਗਵਾਈ ਲੈਣੀ ਚਾਹੀਦੀ ਹੈ। ਚੌਥੇ ਜਾਮੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਸਪੱਸ਼ਟ ਸਪੁਸ਼ਟ ਕਰਦੇ ਹਨ :–

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ, ਹਰਿ ਕਰਤਾ ਆਪਿ ਮੁਹਹੁ ਕਢਾਏ ॥੨॥੧੪॥
(ਮ: ੪, ਵਾਰ ਗਉੜੀ, ਪੰਨਾ ੩੦੮)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ''ਬਚਿਤ੍ਰ ਨਾਟਕ'' ਵਿਚ 'ਜਗਤ ਪ੍ਰਵੇਸ਼ ਕਰਨ' ਵਾਲੇ ਛੇਵੇਂ ਅਧਿਆਇ ਵਿਚ ਇਸ ਸਾਰੀ ਗੱਲ ਨੂੰ ਨਿਖਾਰ ਕੇ ਦਸ ਗਏ ਹਨ :–

ਤਿਨ ਪ੍ਰਭ ਜਬ ਆਇਸ ਮੁਹਿ ਦੀਆ ॥ ਤਬ ਹਮ ਜਨਮ ਕਲੂ ਮਹਿ ਲੀਆ ॥੪॥
ਚਿਤ ਨ ਭਯੋ ਹਮਰੋ ਆਵਨ ਕਹ ॥ ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹ ॥
ਜਿਉ ਤਿਉ ਪ੍ਰਭੁ ਹਮ ਕੋ ਸਮਝਾਯੋ ॥ ਇਮ ਕਹਿ ਕੇ ਇਹ ਲੋਕ ਪਠਾਯੋ ॥੫॥

ਫਿਰ ਪ੍ਰਭੂ ਨੇ ਗੁਰੂ ਜੀ ਨੂੰ ਇਸ ਮਾਤਲੋਕ ਵਿਚ ਭੇਜਣ ਲਈ ਹੋਰ ਪ੍ਰੇਰਨਾ ਕੀਤੀ ਕਿ ਸੰਸਾਰ ਵਿਚ ਜਿੰਨੇ ਵੀ ਭੇਜੇ–

ਸਭ ਤੇ ਅਪਨਾ ਨਾਮੁ ਜਪਾਯੋ ॥ ਸਤਿਨਾਮੁ ਕਾਹੂੰ ਨ ਦ੍ਰਿੜਾਯੋ ॥੨੭॥
ਸਭ ਅਪਨੀ ਅਪਨੀ ਉਰਝਾਨਾ ॥ ਪਾਰਬ੍ਰਹਮ ਕਾਹੂੰ ਨ ਪਛਾਨਾ ॥
ਤਪ ਸਾਧਤ ਹਰਿ ਮੁਹਿ ਬੁਲਾਯੋ ॥ ਇਮ ਕਹਿ ਕੇ ਇਹ ਲੋਕ ਪਠਾਯੋ ॥੨੮॥

ਅਕਾਲ ਪੁਰਖ ਬਾਚ ॥ ਚੌਪਈ–

ਮੈ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥੨੯॥

---

*ਪ੍ਰਭਾਤੀ ਮ: ੩, ਪੰਨਾ ੧੩੪੬ †ਆਸਾ ਕੀ ਵਾਰ, ਪਉੜੀ ੨, ਸਲੋਕ ੩, ਪੰਨਾ ੪੬੩



www.AKJ.Org

ਅਕਾਲ ਪੁਰਖ ਬਾਚ ॥ ਚੌਪਈ–

ਮੈ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥

ਜਾਹਿ ਤਹਾਂ ਤੈ ਧਰਮ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥੨੯॥

ਕਬਿ ਬਾਚ । ਦੋਹਰਾ:–ਠਾਢ ਭਯੋ ਮੈਂ ਜੋਰਿ ਕਰ, ਬਚਨ ਕਹਾ ਸਿਰ ਨਿਆਇ ॥

ਪੰਥ ਚਲੈ ਤਬ ਜਗਤ ਮੈ, ਜਬ ਤੁਮ ਕਰਹੁ ਸਹਾਇ ॥੩੦॥

ਜੋ ਪ੍ਰਭ ਜਗਤਿ ਕਹਾ ਸੋ ਕਹਿ ਹੋਂ ॥ ਮ੍ਰਿਤ ਲੋਕ ਤੇ ਮੋਨ ਨ ਰਹਿ ਹੋਂ ॥੩੩॥

ਹੋਰ ਦੇਖੋ :–ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥

ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖੀਅਨ ਪਕਰਿ ਪਛਾਰੋ ॥੪੨॥

ਹੋਰ ਦੇਖੋ (ਕਬਿ ਬਾਚ ਦੋਹਰਾ)–ਜੋ ਨਿਜ ਪ੍ਰਭ ਮੋ ਸੋ ਕਹਾ, ਸੋ ਕਹਿ ਹੋਂ ਜਗ ਮਾਹਿ ॥

ਜੋ ਤਿਹ ਪ੍ਰਭ ਕੋ ਧਿਆਇ ਹੈ, ਅੰਤ ਸੁਰਗ ਕੋ ਜਾਹਿ ॥੫੯॥ [ਅਧਿਆਇ ੬

'ਪਾਂਇ ਗਹੇ' ਸਵਈਏ ਦੀ ਅੰਤਲੀ ਤੁਕ ਦੇਖੋ–

ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ, ਮੈ ਨ ਕਹਯੋ ਸਭ ਤੋਹਿ ਬਖਾਨਯੋ ॥

ਭਾਵ, ਹੇ ਪ੍ਰਭੂ ! ਮੈਂ ਕੁਝ ਆਖਣ ਜੋਗਾ ਨਹੀਂ; ਜੋ ਆਖਿਆ ਤੂੰ ਹੀ ਆਖਿਆ ।

3. ਗੁਰਬਾਣੀ ਇਸੁ ਜਗ ਮਹਿ ਚਾਨਣੁ–

ਉਪਰ ਲਿਖੇ ਮਹਾਨ ਆਸ਼ੇ ਦੀ ਪੂਰਤੀ ਲਈ ਹੁਣ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵੀ ਆਸਰਾ ਲੈਣਾ ਜ਼ਰੂਰੀ ਹੈ । ਬਾਬਰ-ਵਾਣੀ ਵਿਚ ਜੋ ਕੁਝ ਵੀ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ, ਉਸ ਸੰਬੰਧੀ ਆਪ ਹੀ ਆਪਣੇ ਸ਼ਰਧਾਲੂ, ਸੇਵਕ ਮਿਤਰ ਭਾਈ ਲਾਲੋ ਜੀ ਨੂੰ ਸੰਬੋਧਨ ਕਰਦੇ ਹਨ :–

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ (ਤਿਲੰਗ–੭੨੨)

ਸਿਰੀ ਰਾਗ ਵਿਚ 39 ਪੰਨੇ ਤੇ ਸ੍ਰੀ ਗੁਰੂ ਅਮਰਦਾਸ ਜੀ ਪੁਸ਼ਟੀ ਕਰਦੇ ਹਨ–

ਸਭੁ ਕਿਛੁ ਆਪੇ ਆਪਿ ਹੈ, ਦੂਜਾ ਅਵਰੁ ਨ ਕੋਇ ॥

ਜਿਉ ਬੁਲਾਏ ਤਿਉ ਬੋਲੀਐ ਜਾ ਆਪਿ ਬੁਲਾਏ ਸੋਇ ॥੪॥੩੦॥੬੩॥

ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਬਾਣੀ ਵਿਚ ਇਸ ਪ੍ਰਥਾਇ ਫ਼ੁਰਮਾਨ ਹੈ–

ਭਾਈ ਵੇਖਹੁ ਨਿਆਉ ਸਚੁ ਕਰਤੇ ਕਾ ਜੇਹੀ ਕੋਈ ਕਰੇ ਤੇਹਾ ਕੋਈ ਪਾਏ ॥

ਜਨ ਨਾਨਕ ਕਉ ਸਭ ਸੋਝੀ ਪਾਈ ਹਰਿ ਦਰ ਕੀਆ ਬਾਤਾ ਆਖਿ ਸੁਣਾਏ ॥੧॥੧੫॥

[ਸਲੋਕ ਮ: ੫, ਗਉੜੀ ਕੀ ਵਾਰ, ਪੰਨਾ ੩੦੮

ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਭੂ ਨਾਲ ਸਿੱਧੀ ਪਹੁੰਚ ਤੇ ਗੱਲ ਬਾਤ ਦਾ ਵਧੀਆ ਸਪੱਸ਼ਟ ਸਬੂਤ ਦਿੰਦੇ ਹਨ :–

(ੳ) ਬੇਸੁਮਾਰ ਅਥਾਹ ਅਗਨਤ ਅਤੋਲੈ ॥ ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥੮॥੨੧॥

(ਸੁਖਮਨੀ ਸਾਹਿਬ)

(ਅ) ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥੨॥੭੭॥ (ਸੋਰਠਿ, ਪੰਨਾ ੬੨੮)

(ੲ) ਅਗਮ ਅਗੋਚਰੁ ਸਚੁ ਸਾਹਿਬੁ ਮੇਰਾ ॥ ਨਾਨਕੁ ਬੋਲੈ ਬੋਲਾਇਆ ਤੇਰਾ ॥ (ਸੂਹੀ, ੭੪੩)

(ਸ) ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥

ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ ॥੩॥ (ਸੂਹੀ, ਪੰਨਾ ੭੬੩)

(ਹ) ਕਿਆ ਹਮ ਕਥਹ ਕਿਛੁ ਕਥਿ ਨਹੀ ਜਾਣਹ, ਪ੍ਰਭ ਭਾਵੈ ਤਿਵੈ ਬੋਲਾਨ ॥

ਸਾਧ ਸੰਗਤਿ ਕੀ ਧੂਰਿ ਇਕ ਮਾਂਗਉ ਜਨ ਨਾਨਕ ਪਇਓ ਸਰਾਨ ॥੫॥੨॥ (ਸਾਰੰਗ, ਪੰਨਾ ੧੨੦੩



www.AKJ.Org

# ਸਿੱਖ ਬੀਬੀਆਂ ਦਾ ਪਹਿਰਾਵਾ

[ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਕਿਸੇ ਵੀ ਕੌਮ ਦੀ ਉੱਨਤੀ ਲਈ ਉਸ ਕੌਮ ਦੀ ਇਸਤ੍ਰੀ ਜਾਤੀ ਨੂੰ ਉੱਨਤ ਕਰਨਾ ਬਹੁਤ ਜ਼ਰੂਰੀ ਹੈ। ਜੋ ਸਿਫ਼ਤਾਂ ਕਿਸੇ ਕੌਮ ਦੇ ਇਨਸਾਨਾਂ ਵਿਚ ਭਰਨੀਆਂ ਹੋਣ, ਉਹ ਸਿਫ਼ਤਾਂ ਉਸ ਕੌਮ ਦੀ ਇਸਤ੍ਰੀ ਜਾਤੀ ਵਿਚ ਭਰਨੀਆਂ ਚਾਹੀਦੀਆਂ ਹਨ। ਅੰਗਰੇਜ਼ੀ ਵਿਚ ਅਖਾਣ ਹੈ :

**The hand that rocks the craddle, rules the world.** [ਪੰਘੂੜੇ ਨੂੰ ਝੂਟੇ ਦੇਣ ਵਾਲਾ ਹੱਥ, ਭਾਵ, ਬੱਚਿਆਂ ਨੂੰ ਪਾਲਣ ਵਾਲੀ ਮਾਂ ਦੁਨੀਆ ਤੇ ਰਾਜ ਕਰਦੀ ਹੈ।] ਇਸੇ ਕਰਕੇ ਮਹਾਨ ਮਨੋ-ਵਿਗਿਆਨੀ ਸਤਿਗੁਰੂ ਨਾਨਕ ਦੇਵ ਜੀ ਨੇ ਇਸਤ੍ਰੀ ਜਾਤੀ ਦੀ ਅਧੋਗਤੀ ਵੇਖਦਿਆਂ ਹੋਇਆਂ ਫ਼ੁਰਮਾਇਆ ਸੀ :

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ (ਆਸਾ ਦੀ ਵਾਰ, ਪਉੜੀ ੧੯, ਸਲੋਕ ਨੰ: ੨)

2. ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਮਨੋ-ਵਿਗਿਆਨਕ ਅਸੂਲ ਅਨੁਸਾਰ, ਇਸਤ੍ਰੀਆਂ ਨੂੰ ਵੀ ਮਰਦਾਂ ਦੇ ਨਾਲ ਹੀ ਖੰਡੇ ਦਾ ਅੰਮ੍ਰਿਤ ਛਕਾਇਆ, ਤਾਂ ਜੁ ਗੁਰਮਤਿ ਰਹਿਤ ਰਹਿਣੀ ਵਿਚ ਪ੍ਰਪੱਕ ਮਾਵਾਂ ਦੀਆਂ ਗੋਦੀਆਂ ਵਿਚ ਪਲਣ ਵਾਲੇ ਬਾਲਕ ਵੀ ਸਤਿਗੁਰੂ ਜੀ ਦੇ ਦਰਸਾਏ ਆਸ਼ੇ ਅਨੁਸਾਰ ਜੀਵਨ ਬਤੀਤ ਕਰਨ ਵਾਲੇ ਬਣਨ। ਲੱਖਾਂ ਰੁਪਏ ਖਰਚ ਕਰ ਕੇ ਵੀ ਬੱਚਿਆਂ ਵਿਚ ਗੁਰਮਤਿ ਰਹਿਤ ਰਹਿਣੀ ਦੀ ਉਹ ਦ੍ਰਿੜ੍ਹਤਾ ਪੈਦਾ ਨਹੀਂ ਕੀਤੀ ਜਾ ਸਕਦੀ, ਜੋ ਸਹਿਜ ਸੁਭਾ ਹੀ ਗੁਰਮਤਿ ਰਹਿਤ ਵਾਲੀਆਂ ਬੀਬੀਆਂ ਆਪਣੇ ਬੱਚਿਆਂ ਦੇ ਮਨਾਂ ਵਿਚ ਭਰ ਸਕਦੀਆਂ ਹਨ। ਇਸ ਲਈ ਬਹੁਤ ਜ਼ਰੂਰੀ ਹੈ ਕਿ ਸਿਖ ਕੌਮ ਦਾ ਅਰਧ-ਅੰਗ ਇਸਤ੍ਰੀ ਜਾਤੀ ਫ਼ੈਸ਼ਨ-ਪ੍ਰਸਤੀ ਤੋਂ ਬਚ ਕੇ ਅਤੇ ਗੁਰਮਤਿ ਰਹਿਤ ਰਹਿਣੀ ਵਿਚ ਪ੍ਰਪੱਕ ਹੋ ਕੇ, ਸਿੱਖ ਕੌਮ ਦੀ

---

* ਗੁਰੂ ਨਾਨਕ ਦੇਵ ਜੀ ਆਪਣੇ ਬਾਰੇ ਮਾਝ ਕੀ ਵਾਰ ਦੇ ਅੰਤ ਵਿਚ ਫ਼ੁਰਮਾਉਂਦੇ ਹਨ :–

ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥

ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥੨੭॥ (੧੫੦)

4. ਨਿਰਣੇ-ਜਨਕ ਨਤੀਜਾ–

ਅਸੀਂ ਉਪਰਲੀ ਗਵਾਹੀ, ਜਿਸ ਦਾ ਸਾਖੀ 'ਸਚੁ' ਹੈ, ਤੋਂ ਇਸ ਨਤੀਜੇ ਤੇ ਪੁੱਜੇ ਹਾਂ ਕਿ ਰੱਬ ਸਦੀਵੀ ਤੌਰ ਤੇ ਸਤਿਗੁਰਾਂ ਦੇ ਅੰਦਰ ਨਿਵਾਸ ਕਰਦਾ ਸੀ। ਰੱਬ ਨੇ ਉਹਨਾਂ ਦੀਆਂ ਸਰੀਰਕ ਜੀਭਾਂ ਨੂੰ ਆਪਣੇ ਰੱਬੀ ਬਚਨ, ਵਿਚਾਰ, ਸੋਚਾਂ, ਫੁਰਨੇ, ਇਰਾਦਿਆਂ, ਸੁਝਾਵਾਂ, ਹੁਕਮਾਂ, ਭਾਣਿਆਂ ਤੇ ਸਿਖਿਆਵਾਂ ਦੇ ਪ੍ਰਗਟਾਅ (ਭਾਵ, ਸਮੂਹ ਬਾਣੀ) ਲਈ ਵਰਤਿਆ। ਇਸ ਤੋਂ ਬਿਨਾਂ ਅਮਲੀ ਤੌਰ ਤੇ ਸਤਿਗੁਰਾਂ ਦੀਆਂ ਕੀਤੀਆਂ ਕਰਨੀਆਂ-ਕਮਾਈਆਂ, ਕਾਰਨਾਮੇ, ਬਿਸਮਾਦ ਕਰ ਦੇਣ ਵਾਲੇ ਕੌਤਕ ਤੇ ਚਮਤਕਾਰ, ਪ੍ਰਾਪਤੀਆਂ, ਪਰਉਪਕਾਰ, ਸੇਵਾਵਾਂ, ਸਿੱਖਿਆਵਾਂ ਵੀ ਰੱਬ ਦੀ ਸੁਕ੍ਰਿਤ ਸਨ।

ਸਿੱਖੀ ਦਾ ਪੈਰੋਕਾਰ ਹੀ ਰੱਬ ਦੀ ਦਿੱਤੀ ਹੋਈ 'ਸਾਬਤ ਸੂਰਤਿ' ਤੇ ਪਹਿਰਾ ਦਿੰਦਾ ਹੈ ਤੇ ਸਿੱਖ ਅਖਵਾਉਂਦਾ ਹੈ। ਬਾਕੀ ਸਾਰੇ ਧਰਮ ਰੱਬ ਦੀ ਬਖ਼ਸ਼ੀਸ਼–'ਸਾਬਤ ਸੂਰਤਿ' ਵਿਚ ਆਪਣੇ ਹੱਥੀਂ ਤਬਦੀਲੀਆਂ (ਸਿਰ ਮੁੰਡਨ ਤੇ ਸੁੰਨਤ ਆਦਿ) ਕਰ ਕੇ ਪੈਰੋਕਾਰ ਬਣਾਉਂਦੇ ਹਨ, ਜਿਵੇਂ ਕਿ ਰੱਬ ਦੀ ਬਖ਼ਸ਼ੀ ਹੋਈ 'ਸਾਬਤ ਸੂਰਤਿ', ਨਕਲੀ, ਨਾਕਿਸ, ਅਧੂਰੀ ਤੇ ਘਟੀਆ ਹੁੰਦੀ ਹੈ। ਪਰ ਉਹਨਾਂ ਦੀਆਂ ਤੀਵੀਆਂ ਅਜਿਹੇ ਪੈਰੋਕਾਰ ਬਣਨ ਤੋਂ ਵੀ ਵਾਂਝੀਆਂ ਰਹਿੰਦੀਆਂ ਹਨ। ਉਹਨਾਂ ਵਿਚਾਰੀਆਂ ਦਾ ਕੋਈ ਧਰਮ ਹੀ ਨਹੀਂ। ਸੋ ਸਿੱਖੀ ਧਰਮ ਪੁਰਖ-ਪਰਮਾਤਮਾ ਦਾ ਪਰਮ ਪਦ ਹੈ, ਤੇ ਉਸਦਾ ਸੱਚਾ ਧਰਮ ਹੈ। ਸਿੱਖ ਉਸ ਦਾ ਆਪਣਾ ਨਵਾਂ ਨਰੋਆ ਨਮੂਨਾ ਹੈ। (ਜਦ ਮੈਂ ਆਪਣੇ ਅੰਦਰ ਝਾਤੀ ਮਾਰੀ ਤਾਂ ਸ਼ਰਮਸਾਰ ਹੋ ਗਿਆ)।



www.AKJ.Org

ਪਨੀਰੀ ਨੂੰ ਇਸ ਯੋਗ ਬਣਾਵੇ ਕਿ ਉਹ ਗੁਰਸਿੱਖੀ ਦੇ ਰਸਤੇ ਤੇ ਚੱਲ ਕੇ ਨਾ-ਸਿਰਫ਼ ਆਪਣਾ ਜੀਵਨ ਹੀ ਸਫਲਾ ਕਰਨ, ਸਗੋਂ ਸਾਰੀ ਲੋਕਾਈ ਲਈ ਚਾਨਣ-ਮੁਨਾਰਾ ਬਣ ਕੇ ਸਤਿਗੁਰੂ ਜੀ ਦੇ ਮਿਸ਼ਨ ਦੀ ਪੂਰਤੀ ਲਈ ਆਪਣੀ ਸੇਵਾ ਦਾ ਹਿੱਸਾ ਪਾਉਣ।

3. ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਕਰੀਬਨ 33 ਸਾਲ ਦੀ ਉਮਰ ਤਕ, ਸਿੱਖ ਬਣਨ ਲਈ ਚਰਨ ਪਾਹੁਲ ਜਾਂ ਚਰਣਾਮ੍ਰਿਤ ਛਕਣ ਦੀ ਮਰਯਾਦਾ ਹੁੰਦੀ ਸੀ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਅਗਾਧ ਅਤੇ ਅਮਿੱਤ ਗਤੀ ਦਵਾਰਾ ਸਿੱਖ ਬਣਨ ਦੀ ਮਰੋਯਾਦਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜ 'ਪਰਵਾਨ' ਖ਼ਾਲਸੇ ਦੇ ਰਾਹੀਂ ਤਿਆਰ ਕੀਤੇ ਖੰਡੇ ਦੇ ਅੰਮ੍ਰਿਤ ਵਿਚ ਬਦਲ ਦਿਤੀ। ਸੰਨ 1699 ਦੀ ਵਿਸਾਖੀ ਤੋਂ ਬਾਅਦ ਹਰ ਸਿੱਖ ਲਈ ਖੰਡੇ ਦਾ ਅੰਮ੍ਰਿਤ ਛਕਣਾ ਅਵੱਸ਼ ਹੀ ਜ਼ਰੂਰੀ ਹੈ। ਖੰਡੇ ਦਾ ਅੰਮ੍ਰਿਤ ਛਕੇ ਬਿਨਾਂ ਕੋਈ ਪ੍ਰਾਣੀ ਗੁਰੂ ਕਾ ਸਿੱਖ ਅਖਵਾ ਹੀ ਨਹੀਂ ਸਕਦਾ, ਭਾਵੇਂ ਉਹ ਸਿੱਖ ਘਰਾਣੇ ਵਿਚ ਜਨਮ ਲੈਣ ਕਰਕੇ ਕੇਸਾਧਾਰੀ ਵੀ ਹੋਵੇ। ਦਸ਼ਮੇਸ਼ ਪਿਤਾ ਜੀ ਦਾ ਹੁਕਮ ਹੈ–

ਧਰੇ ਕੇਸ ਪਾਹੁਲ ਬਿਨਾ, ਭੇਖੀ ਮੂਰਖ ਸਿਖ ॥ ਮੇਰਾ ਦਰਸ਼ਨ ਨਾਹਿ ਤਿਸ, ਪਾਪੀ ਤਿਆਗੈ ਭਿਖੁ ॥

4. ਕੇਸਾਂ ਦੀ ਸੰਭਾਲ ਲਈ ਦਸਮੇਸ਼ ਪਿਤਾ ਜੀ ਨੇ ਛੋਟੀ ਦਸਤਾਰ (ਕੇਸਕੀ) ਸਜਾਉਣ ਦਾ ਹੁਕਮ ਦਿਤਾ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਦਸਮੇਸ਼ ਪਿਤਾ ਜੀ ਛੋਟੀ ਦਸਤਾਰ ਨੂੰ ਇਤਨਾ ਪਿਆਰ ਕਰਦੇ ਸਨ ਕਿ ਮਾਈ ਭਾਗ ਕੌਰ ਜੀ ਨੂੰ ਆਪਣੇ ਹੱਥੀਂ ਦਸਤਾਰ ਸਜਾ ਕੇ ਬੜੀ ਪ੍ਰਸੰਨਤਾ ਲੈਂਦੇ ਸਨ। ਦਸਮੇਸ਼ ਪਿਤਾ ਜੀ ਨੇ ਅੰਮ੍ਰਿਤਧਾਰੀ ਸਿੰਘਾਂ ਸਿੰਘਣੀਆਂ ਨੂੰ ਬਚਨ ਦਿਤਾ ਹੋਇਆ ਹੈ–

ਜਬ ਲਗ ਖਾਲਸਾ ਰਹੈ ਨਿਆਰਾ ॥ ਤਬ ਲਗ ਤੇਜ ਦੀਉ ਮੈਂ ਸਾਰਾ ॥

5. ਅੰਮ੍ਰਿਤ-ਧਾਰੀ ਸਿੰਘਣੀਆਂ ਵੀ ਉਸੇ ਤਰ੍ਹਾਂ ਹੀ ਖ਼ਾਲਸਾ ਹਨ, ਜਿਸ ਤਰ੍ਹਾਂ ਸਿੰਘ। ਸਿੱਖ ਇਸਤ੍ਰੀਆਂ ਲਈ ਦਸਮੇਸ਼ ਪਿਤਾ ਜੀ ਦਾ ਦਰਸਾਇਆ ਨਿਆਰਾਪਣ ਕੀ ਹੈ ? ਫ਼ੈਸ਼ਨ ਦੇ ਝੱਖੜਾਂ ਤੂਫ਼ਾਨਾਂ ਵਿਚ, ਆਪਣੇ ਅਸੂਲਾਂ ਤੇ ਡਟ ਕੇ ਸਿਰ ਤੇ ਕੇਸਾਂ ਦਾ ਜੂੜਾ ਕਰ ਕੇ, ਉਤੇ ਕੇਸਕੀ (ਛੋਟੀ ਦਸਤਾਰ) ਸਜਾਉਣਾ।

6. ਪੁਰਾਤਨ ਰਹਿਤਨਾਮਿਆਂ ਵਿਚੋਂ ਹੇਠ ਲਿਖੀ ਦੋ-ਤੁਕੀ ਕੇਸਕੀ ਦੀ ਰਹਿਤ ਨੂੰ ਸਪੱਸ਼ਟ ਤੌਰ ਤੇ ਪ੍ਰਗਟਾਉਂਦੀ ਹੈ–

ਕਛ ਕੜਾ ਕ੍ਰਿਪਾਨ ਕੰਘਾ ਕੇਸਕੀ। ਇਹ ਪੰਜ ਕਕਾਰੀ ਰਹਿਤ ਧਾਰੇ ਸਿਖ ਸੋਈ।

(ਰਹਿਤਨਾਮਾ ਭਾਈ ਚੋਪਾ ਸਿੰਘ ਜੀ)

7. ਪ੍ਰਸਿੱਧ ਸਿੱਖ ਇਤਿਹਾਸਕਾਰ ਭਾਈ ਸੰਤੋਖ ਸਿੰਘ ਜੀ ਗੁਰ ਪ੍ਰਤਾਪ ਸੂਰਜ ਵਿਚ ਮਾਤਾ ਭਾਗ ਕੌਰ (ਆਮ ਪ੍ਰਚਲਤ ਨਾਂ ਮਾਈ ਭਾਗੋ) ਦਾ ਪ੍ਰਸੰਗ ਵਰਣਨ ਕਰਦਿਆਂ ਦੱਸਦੇ ਹਨ ਕਿ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਜੀ ਨੂੰ ਉਪਦੇਸ਼ ਦਿਤਾ ਸੀ ਕਿ– "ਪਹਿਰ ਕਾਛ, ਲਘੁ ਸਿਰ ਦਸਤਾਰੇ।"

8. ਪ੍ਰਸਿੱਧ ਸਿੱਖ ਵਿਦਵਾਨ ਭਾਈ ਕਾਨ੍ਹ ਸਿੰਘ ਜੀ ਨਾਭਾ ਵਾਲਿਆਂ ਨੇ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ "ਕੇਸਕੀ" ਬਾਰੇ ਲਿਖਿਆ ਹੈ–

"ਕੇਸਕੀ" ਛੋਟੀ ਪੱਗ, ਜੋ ਕੇਸਾਂ ਦੀ ਰੱਖਿਆ ਲਈ ਪਹਿਨੀ ਜਾਂਦੀ ਹੈ। (ਦੂਜੀ ਐਡੀਸ਼ਨ, ਪੰਨਾ 159)

9. ਪ੍ਰਸਿੱਧ ਅੰਗਰੇਜ਼ ਇਤਿਹਾਸਕਾਰ ਮਿਸਟਰ ਕਨਿੰਘਮ ਆਪਣੀ ਪ੍ਰਸਿੱਧ ਪੁਸਤਕ (History of the Sikhs) ਵਿਚ ਸਿੱਖ ਬੀਬੀਆਂ ਸੰਬੰਧੀ ਲਿਖਦੇ ਹਨ:- "The Sikh women are distinguished from Hindus of their sex by some variety of dress, chiefly by a higher top knot of hair."

[ਸਿੱਖ ਇਸਤ੍ਰੀਆਂ ਹਿੰਦੂ ਇਸਤ੍ਰੀਆਂ ਨਾਲੋਂ ਆਪਣੇ ਪਹਿਰਾਵੇ ਕਰਕੇ ਅਤੇ ਖ਼ਾਸ ਕਰਕੇ ਉਹ (ਆਪਣੇ) ਸਿਰ ਉੱਪਰ ਜੂੜੇ ਕਰਕੇ ਵਿਲੱਖਣਤਾ ਰੱਖਦੀਆਂ ਹਨ।]



www.AKJ.Org

10. ਲਾਹੌਰ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਦੇ ਕਿਲ੍ਹੇ ਵਿਚ ਅਤੇ ਵਿਕਟੋਰੀਆ ਅਜਾਇਬ-ਘਰ ਕਲਕੱਤੇ ਵਿਚ ਪੁਰਾਤਨ ਬਹਾਦਰ ਸਿੰਘਣੀਆਂ ਦੇ ਚਿਤਰਾਂ ਵਿਚ ਉਨ੍ਹਾਂ ਨੂੰ ਕੇਸਕੀ ਦੀ ਰਹਿਤ ਨਾਲ ਸਸ਼ੋਭਤ ਦਰਸਾਇਆ ਗਿਆ ਹੈ।

11. ਭਾਈ ਵੀਰ ਸਿੰਘ ਜੀ ਨੇ ਆਪਣੇ ਮਹਾਂ ਕਾਵਿ "ਰਾਣਾ ਸੂਰਤ ਸਿੰਘ" ਵਿਚ ਮੁਖ ਨਾਇਕਾ ਰਾਣੀ ਰਾਜ ਕੌਰ ਦੀ ਜੋ ਪ੍ਰਭਾਵਸ਼ਾਲੀ ਤਸਵੀਰ ਦਿੱਤੀ ਹੈ, ਉਸ ਵਿਚ ਰਾਣੀ ਜੀ ਨੂੰ ਦਸਤਾਰ-ਸਸ਼ੋਭਤ ਅਤੇ ਖੰਡਾ, ਚੱਕਰ, ਗੁਰਸਿੱਖੀ ਦਾ ਨਿਸ਼ਾਨ (Emblem) ਧਾਰਨੀ ਦਰਸਾਇਆ ਹੈ।

12. 1914–18 ਦੀ ਪਹਿਲੀ ਸੰਸਾਰ-ਜੰਗ ਤੋਂ ਪਹਿਲਾਂ ਵੀ ਅੰਮ੍ਰਿਤਧਾਰੀ ਬੀਬੀਆਂ ਕੇਸਕੀ ਦੀ ਰਹਿਤ ਨੂੰ ਪਾਬੰਦੀ ਨਾਲ ਨਿਭਾਉਂਦੀਆਂ ਸਨ।

13. ਫੀਰੋਜ਼ਪੁਰ, ਕੈਰੋਂ (ਅੰਮ੍ਰਿਤਸਰ) ਜਸਪਾਲੋਂ ਅਤੇ ਸਿਧਵਾਂ (ਲੁਧਿਆਣਾ) ਦੇ ਸਿੱਖ ਕੰਨਿਆ ਵਿਦਿਆਲਿਆਂ ਵਿਚ ਵੀ ਪਹਿਲਾਂ ਕੇਸਕੀ ਵਿਦਿਆਰਥਣਾਂ ਦੀ ਨੀਯਤ ਪੁਸ਼ਾਕ ਦਾ ਜ਼ਰੂਰੀ ਅੰਗ ਹੋਇਆ ਕਰਦੀ ਸੀ। ਚੀਫ਼ ਖ਼ਾਲਸਾ ਦੀਵਾਨ ਦੀਆਂ ਸਿੱਖ ਐਜੂਕੇਸ਼ਨਲ ਕਾਨਫਰੰਸਾਂ ਵਿਚ ਇਨ੍ਹਾਂ ਸਕੂਲਾਂ ਦੀਆਂ ਬੀਬੀਆਂ ਕੇਸਕੀ ਦੀ ਰਹਿਤ ਨਾਲ ਸਸ਼ੋਭਤ ਦੇਖਣ ਵਿਚ ਆਉਂਦੀਆਂ ਹੁੰਦੀਆਂ ਸਨ।

14. ਅਕਾਲੀ ਲਹਿਰ ਵਿਚ ਕੇਸਕੀ-ਸਸ਼ੋਭਤ ਬੀਬੀਆਂ ਮੋਰਚਿਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੀਆਂ ਰਹੀਆਂ ਹਨ।

15. ਪ੍ਰਸਿੱਧ ਸਿੱਖ ਵਿਦਵਾਨ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ'' ਭਿੰਡਰਾਂ ਨਿਵਾਸੀ ਦੇ ਨਿਜ ਗ੍ਰਹਿ ਵਿਚ ਸਭ ਮਰਦ ਅਤੇ ਬੀਬੀਆਂ ਕੇਸਕੀ ਰਹਿਤ ਨਾਲ ਸਸ਼ੋਭਤ ਸਿੰਘਾਂ ਦੇ ਨਿਰਾਲਾਪਣ ਨੂੰ ਪ੍ਰਗਟਾਉਂਦੇ ਰਹੇ ਹਨ।

16. ਭਾਈ ਸਾਹਿਬ (ਸੰਤ) ਤੇਜਾ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਜਥੇ ਦੀਆਂ ਸਿੰਘਣੀਆਂ ਵੀ ਕੇਸਕੀ ਸਹਿਤ ਧਾਰਮਿਕ ਦੀਵਾਨਾਂ ਵਿਚ ਕੀਰਤਨ ਕਰਦੀਆਂ ਵੇਖਣ ਵਿਚ ਆਉਂਦੀਆਂ ਹਨ।

17. "ਪੰਚ ਖਾਲਸਾ ਦੀਵਾਨ" ਭਸੌੜ ਮਾਲਵੇ ਦੇ ਇਲਾਕੇ ਵਿਚ ਅਤੇ "ਸੈਂਟਰਲ ਮਾਝਾ ਦੀਵਾਨ" ਨੇ ਮਾਝੇ ਵਿਚ ਕੇਸਕੀ ਦੀ ਮਹੱਤਤਾ ਇਤਨੀ ਦ੍ਰਿੜ੍ਹਾਈ ਸੀ ਕਿ ਕਈ ਬੀਬੀਆਂ ਸਿਰਫ਼ ਕੇਸਕੀ ਨਾਲ ਹੀ ਸਸ਼ੋਭਤ ਹੁੰਦੀਆਂ ਸਨ ਅਤੇ ਉਨ੍ਹਾਂ ਦੁਪੱਟੇ ਨੂੰ ਵੀ ਵਾਧੂ ਸ਼ੈ ਜਾਣ ਕੇ ਤਿਆਗ ਦਿਤਾ ਸੀ।

18. ਭਾਈ ਰਣਧੀਰ ਸਿੰਘ ਜੀ ਨਾਲ ਸੰਬੰਧਤ ਅਖੰਡ ਕੀਰਤਨੀ ਜਥੇ ਦੀਆਂ ਬੀਬੀਆਂ ਹੁਣ ਵੀ ਕੇਸਕੀ ਦੀ ਰਹਿਤ ਨੂੰ ਪ੍ਰਪੱਕਤਾ ਨਾਲ ਨਿਭਾ ਰਹੀਆਂ ਹਨ ਅਤੇ ਇਸ ਰਹਿਤ ਦਾ ਨਿਰਾਲਾ ਸਤੋਗੁਣੀ ਪ੍ਰਭਾਵ ਪਾ ਕੇ ਗੁਰਮਤਿ ਦੀ ਵਿਸ਼ੇਸ਼ਤਾ ਤੇ ਖਾਲਸਈ ਵਿਲੱਖਣਤਾ ਨੂੰ ਸਪੱਸ਼ਟ ਤੌਰ 'ਤੇ ਪ੍ਰਗਟਾਉਂਦੀਆਂ ਹਨ। ਇਸ ਜਥੇ ਦੀਆਂ ਬੀਬੀਆਂ ਹੀ ਕੇਸਕੀ ਨੂੰ ਰਹਿਤ ਜਾਣ ਕੇ, ਇਸ ਦੀ ਪਾਬੰਦੀ ਨੂੰ ਦ੍ਰਿੜ੍ਹ ਕਰਵਾ ਕੇ ਦਸਮੇਸ਼ ਪਿਤਾ ਜੀ ਦੇ ਬਖਸ਼ੇ ਨਿਰਾਲਾ-ਪਣ ਨੂੰ ਸੁਰਜੀਤ ਰੱਖਣ ਦੀ ਸੇਵਾ ਕਰ ਰਹੀਆਂ ਹਨ।

19. ਮੌਜੂਦਾ ਸਿੱਖ ਮਰਯਾਦਾ ਦਾ ਖਰੜਾ ਸ੍ਰੋ: ਗੁ: ਪ੍ਰ: ਕਮੇਟੀ ਦੀ ਸਲਾਹਕਾਰ ਕਮੇਟੀ ਨੇ ਆਪਣੀ ਇਕੱਤਰਤਾ ਮਿਤੀ 7.1.45 ਵਿਚ ਵਿਚਾਰ ਕੇ ਕਮੇਟੀ ਨੇ ਪੇਸ਼ ਕੀਤਾ ਸੀ ਅਤੇ ਉਸ ਦੇ "ਗੁਰਮਤਿ ਦੀ ਰਹਿਣੀ" ਦੇ ਹੈਡਿੰਗ ਹੇਠ ਦਸਿਆ ਹੋਇਆ ਹੈ ਕਿ–

(ਚ) ਸਿਖ ਮਰਦ ਅਥਵਾ ਇਸਤ੍ਰੀ ਨੂੰ ਨੱਕ ਕੰਨ ਛੇਦਨਾ ਮਨ੍ਹਾ ਹੈ।

(ਛ) ਸਿਖ ਲਈ ਕਛਹਿਰੇ ਤੇ ਦਸਤਾਰ ਤੋਂ ਛੁਟ ਪੁਸ਼ਾਕ ਸੰਬੰਧੀ ਬਾਕੀ ਕੋਈ ਪਾਬੰਦੀ ਨਹੀਂ। ਸਿਖ ਇਸਤ੍ਰੀ ਦਸਤਾਰ ਸਜਾਵੇ ਜਾਂ ਨਾ ਸਜਾਵੇ, ਦੋਵੇਂ ਠੀਕ ਹਨ।

ਉਪ੍ਰੋਕਤ (ਚ) ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਸਿੱਖ ਬੀਬੀਆਂ ਨੂੰ ਨੱਕ ਅਤੇ ਕੰਨਾਂ ਵਿਚ ਕੋਈ ਜ਼ੇਵਰ ਆਦਿ ਨਹੀਂ ਪਾਉਣੇ ਚਾਹੀਦੇ। ਪਤਾ ਨਹੀਂ, ਅੱਜ ਕਲ੍ਹ ਸਿੱਖ ਬੀਬੀਆਂ ਵੀ ਕਿਉਂ ਨੱਕ ਅਤੇ ਕੰਨਾਂ ਵਿਚ



www.AKJ.Org

ਅਸਲੀ ਜਾਂ ਨਕਲੀ ਜ਼ੇਵਰ ਪਾਉਣ ਵਿਚ ਆਪਣੀ ਸ਼ਾਨ ਸਮਝਦੀਆਂ ਹਨ ਅਤੇ ਹਿੰਦੂ ਬੀਬੀਆਂ ਦੀ ਤਰ੍ਹਾਂ ਸੁਰਖ਼ੀ ਅਤੇ ਬਿੰਦੀ ਵੀ ਲਗਾਉਂਦੀਆਂ ਹਨ। ਮਲੂਮ ਹੁੰਦਾ ਹੈ ਕਿ ਉਨ੍ਹਾਂ ਨੂੰ ਕਿਸੇ "ਸਿੱਖ ਰਹਿਤ ਮਰਯਾਦਾ" ਬਾਰੇ ਦੱਸਿਆ ਹੀ ਨਹੀਂ। ਸ਼੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ ਦੀ ਧਰਮ ਪ੍ਰਚਾਰ ਕਮੇਟੀ ਨੂੰ ਅਤੇ ਹੋਰ ਪੰਥਕ ਸੰਸਥਾਵਾਂ ਨੂੰ ਇਸ ਸੰਬੰਧ ਵਿਚ ਉਚੇਚਾ ਧਿਆਨ ਦੇਣਾ ਚਾਹੀਦਾ ਹੈ।

20. ਅੱਜ ਦੇ ਵਾਤਾਵਰਣ ਵਿਚ ਨਾਮ-ਧਰੀਕ ਅਖੌਤੀ ਨਵੀਨ ਸਭਿਅਤਾ ਤੇ ਸ਼ਖਸੀ ਆਜ਼ਾਦੀ ਦੇ ਪੜਦੇ ਹੇਠ ਸਾਡੀ ਸਭਿਅਤਾ ਗਿਰਾਵਟ ਵੱਲ ਜਾ ਰਹੀ ਹੈ। ਨੰਗੇਜ ਤੇ ਨਿਰਲੱਜਤਾ ਵਾਲੀ ਫ਼ੈਸ਼ਨਪ੍ਰਸਤੀ ਜ਼ੋਰਾਂ ਤੇ ਹੈ। ਸਿਰਫ਼ ਬਜ਼ਾਰਾਂ ਵਿਚ ਹੀ ਨਹੀਂ, ਸ਼ਗੋਂ ਧਰਮ ਅਸਥਾਨਾਂ, ਭਾਵ, ਗੁਰਦਵਾਰਿਆਂ ਵਿਚ ਹਾਜ਼ਰੀ ਭਰਨ ਲੱਗਿਆਂ ਵੀ ਇਸ ਨਿਰਲੱਜਤਾ ਭਰੇ ਅਧ-ਨੰਗੇ ਲਿਬਾਸ ਤੋਂ ਸੰਕੋਚ ਨਹੀਂ ਕੀਤਾ ਜਾਂਦਾ। ਭੜਕੀਲੇ ਰੰਗਾਂ ਵਾਲੇ ਪਹਿਰਾਵੇ, ਹੋਛੀਆਂ ਸਰੀਰਕ ਸਜਾਵਟਾਂ, ਤੰਗ ਅਤੇ ਸਰੀਰ ਦੀ ਬਣਤਰ ਅਤੇ ਸੁਹੱਪਣ ਪ੍ਰਗਟਾਉਣ ਵਾਲੇ ਅਧ-ਨੰਗੇ ਲਿਬਾਸ ਗੁਰਧਾਮਾਂ ਦੇ ਵਾਤਾਵਰਣ ਦਾ ਸਹੀ ਨਕਸ਼ਾ ਚੰਗੀ ਤਰ੍ਹਾਂ ਪੇਸ਼ ਕਰਦੇ ਹਨ। ਕੀ ਇਹ ਵਾਤਾਵਰਣ ਆਪਣੇ ਜਾਂ ਦੂਜਿਆਂ ਦੇ ਮਨਾਂ ਦੀ ਮੈਲ ਨੂੰ ਦੂਰ ਕਰਨ ਵਾਲਾ ਹੁੰਦਾ ਹੈ ਜਾਂ ਹੋਰ ਵੀ ਮੈਲ ਵਧਾਉਣ ਵਿਚ ਸਹਾਈ ਹੁੰਦਾ ਹੈ ?

21. ਇਹਨਾਂ ਹਾਲਤਾਂ ਵਿਚ ਇਕ ਕੇਸਕੀ ਦੀ ਰਹਿਤ ਧਾਰਨ ਕਰਨ ਨਾਲ ਹੀ ਇਸ ਰੋੜ੍ਹ ਵਿਚ ਰੁਕਾਵਟ ਪੈ ਜਾਂਦੀ ਹੈ। ਦਸਮ ਦੁਆਰੀ ਜੂੜੇ ਤੇ ਕੇਸਕੀ ਸਜਾ ਕੇ ਸਿੱਖ ਬੀਬੀ ਦੇ ਅੱਜ-ਕਲ੍ਹ ਦੇ ਸਭ ਫ਼ੈਸ਼ਨ ਖ਼ਤਮ ਹੋ ਜਾਂਦੇ ਹਨ। ਅਸਲ ਵਿਚ ਕੇਸਕੀ ਨਾ ਹੋਣ ਨਾਲ ਹੀ ਗੁਰਸਿੱਖ ਘਰਾਣਿਆਂ ਵਿਚ ਤਰ੍ਹਾਂ ਤਰ੍ਹਾਂ ਦੇ ਫ਼ੈਸ਼ਨ ਪ੍ਰਚਲਤ ਹੋ ਗਏ ਹਨ। ਕੇਸਕੀ ਰਹਿਤ ਨਾਲ ਸੁਸ਼ੋਭਤ ਬੀਬੀਆਂ ਦਾ ਪ੍ਰਭਾਵ ਹੀ ਕੁਝ ਐਸਾ ਪੈਂਦਾ ਹੈ ਕਿ ਕਿਸੇ ਚੱਲਣ-ਹੀਣ ਪੁਰਸ਼ ਦੀ ਮੈਲੀ ਅੱਖ, ਉਨ੍ਹਾਂ ਵੱਲ ਉੱਠ ਹੀ ਨਹੀਂ ਸਕਦੀ। ਮਲੂਮ ਹੁੰਦਾ ਹੈ ਕਿ ਦੂਰ-ਦਰਸ਼ੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਉਣ ਵਾਲੇ ਹਾਲਾਤ ਨੂੰ ਮੁੱਖ ਰੱਖ ਕੇ ਹੀ ਖਾਲਸਾ ਘ੍ਰਾਣਿਆਂ ਨੂੰ ਇਸ ਬੀਮਾਰੀ ਤੋਂ ਬਚਾਉਣ ਦੀ ਖ਼ਾਤਰ ਕੇਸਕੀ ਦਾ ਪੱਕਾ ਪਹਿਰਾ ਲਗਾ ਦਿਤਾ ਸੀ, ਤਾਂ ਜੁ ਖਾਲਸਈ ਸਰੂਪ ਵਿਚ ਬੀਬੀਆਂ ਹਰ ਮੁਸ਼ਕਿਲ ਵਿਚ ਆਪਣਾ ਆਪਾ, ਇੱਜ਼ਤ ਤੇ ਅਣਖ ਕਾਇਮ ਰੱਖ ਸਕਣ।

22. ਕੇਸਾਂ ਨੂੰ ਨੰਗੇ ਨਾ ਰੱਖਣ ਬਾਰੇ ਦਸਮੇਸ਼ ਪਿਤਾ ਦੇ ਹੁਕਮ, ਹੁਕਮ-ਨਾਮਿਆਂ ਵਿਚੋਂ ਪ੍ਰਗਟ ਹੁੰਦੇ ਹਨ :

ਨਗਨ ਹੋਏ ਬਾਹਰ ਫਿਰੈ, ਨਗਨ ਸੀਸ ਜੋ ਖਾਇ ॥
ਨਗਨ ਪ੍ਰਸਾਦ ਜੋ ਬਾਂਟਈ, ਤਨਖਾਹੀ ਬਡੋ ਕਹਾਇ ॥
ਪਾਗ ਉਤਾਰ ਪ੍ਰਸਾਦ ਜੋ ਖਾਵੈ, ਸੋ ਸਿੱਖ ਕੁੰਭੀ ਨਰਕ ਸਿਧਾਵੈ ॥
(ਉਤਰ ਪ੍ਰਸ਼ਨ ਭਾਈ ਨੰਦ ਲਾਲ ਜੀ)

ਨੰਗੇ ਸੀਸ ਪ੍ਰਸਾਦ ਨ ਛਕੇ। (ਬਿਜੈ ਮੁਕਤ ਧਰਮ ਸ਼ਾਸਤ੍ਰ, ਸਾਖੀ ੭੦)
ਜੋ ਸੀਸ ਨਾਂਗੇ ਰਹੈ ਤੋ ਉਸ ਕੋ ਸਵਾ ਰੁਪਿਆ ਤਨਖਾਹ ਹੈ।
(ਧਰਮ ਸਮਾਰਗ ਪ: ੧੦—ਉਤਰ ਪ੍ਰਸ਼ਨ ਭਾਈ ਦਇਆ ਸਿੰਘ ਜੀ)

ਇਨ੍ਹਾਂ ਹੁਕਮਨਾਮਿਆਂ ਤੋਂ ਭਲੀ ਪ੍ਰਕਾਰ ਸਪੱਸ਼ਟ ਹੈ ਕਿ ਕੇਸ ਨੰਗੇ ਰੱਖਣਾ ਮਹਾਂ ਮਨਮਤਿ ਹੈ ਅਤੇ ਗੁਰੂ ਸਾਹਿਬ ਦੇ ਹੁਕਮਾਂ ਦੀ ਸਖ਼ਤ ਉਲੰਘਣਾ ਹੈ। ਇਸ ਲਈ ਸਮੁੱਚੇ ਪੰਥ ਵਿਚ ਕਿਸੇ ਗੁਰਮੁਖ ਦੇ ਨੰਗੇ ਸਿਰ ਫਿਰਨ ਨੂੰ ਬੁਰਾ ਸਮਝਿਆ ਜਾਂਦਾ ਹੈ। "ਉਡਿ ਉਡਿ ਰਾਵਾ ਝਾਟੈ ਪਾਇ ॥ ਵੇਖੈ ਲੋਕੁ ਹਸੈ ਘਰਿ ਜਾਇ"* ਦਾ ਗੁਰੂ ਫ਼ੁਰਮਾਨ ਨੰਗੇ ਸਿਰ ਫਿਰਨ ਵਾਲੇ ਸਿੰਘਾਂ ਸਿੰਘਣੀਆਂ ਤੇ ਢੁਕਦਾ ਹੈ। ਸੋ ਸਿੱਖ ਬੀਬੀਆਂ ਨੂੰ ਆਪਣਾ ਸਿਰ ਦੁਪੱਟੇ ਨਾਲ ਢੱਕ ਕੇ ਰੱਖਣਾ ਚਾਹੀਦਾ ਹੈ, ਜੇ ਉਹ ਕੇਸਕੀ ਸਜਾਉਣੇ ਤੋਂ ਸ਼ਰਮਾਂਦੀਆਂ ਜਾਂ ਝਿਜਕਦੀਆਂ ਹਨ।

[ਭਗਤ ਪੂਰਨ ਸਿੰਘ ਜੀ ਬਾਨੀ ਪਿੰਗਲਵਾੜਾ ਵਲੋਂ ਛਪੇ ਟਰੈਕਟ "ਸਿੱਖ ਬੀਬੀਆਂ ਦਾ ਪਹਿਰਾਵਾ" ਵਿਚੋਂ]

*ਆਸਾ ਦੀ ਵਾਰ; ਪਉੜੀ ੫, ਸਲੋਕ ੨.


www.AKJ.Org

# ਅੰਮ੍ਰਿਤ-ਧਾਰੀ ਸਿੰਘਾਂ ਲਈ ਜ਼ਰੂਰੀ ਗੁਰਮਤਿ-ਸੇਧਾਂ

(੧) ਅੰਮ੍ਰਿਤਧਾਰੀ ਸਿਖ ਦੇ ਪੰਜੇ ਕਕਾਰ (ਕਿਰਪਾਨ ਗਾਤਰੇ, ਕਛਹਿਰਾ ਰੇਪ, ਕੜਾ ਸਰਬ-ਲੋਹੀ, ਕੰਘਾ ਲਕੜ ਦਾ, ਤੇ ਕੇਸਕੀ-ਛੋਟੀ ਦਸਤਾਰ) ਉਸ ਦੇ ਸਰੀਰ ਦਾ ਅਨਿਖੜਾਂ ਅੰਗ ਹਨ। ਜੀਵਨ ਭਰ ਇਨ੍ਹਾਂ ਨੂੰ ਸਰੀਰ ਤੋਂ ਅਲੱਗ ਨਹੀਂ ਕੀਤਾ ਜਾਂਦਾ। ਗੁਰਸਿਖ ਦੀ ਮ੍ਰਿਤਕ ਦੇਹ ਦਾ ਸਸਕਾਰ ਭੀ ਪੰਜਾਂ ਕਕਾਰਾਂ ਸਹਿਤ ਹੀ ਕੀਤਾ ਜਾਂਦਾ ਹੈ। ਕਿਸੇ ਵੀ ਕਕਾਰ ਤੋਂ ਬਿਨਾਂ ਸਰੀਰ ਅਧੂਰਾ ਕਹਿਲਾਉਂਦਾ ਹੈ।

(੨) ਸਿਖ ਧਰਮ ਵਿਚ ਕੇਵਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੱਥਾ ਟੇਕਿਆ ਜਾਂਦਾ ਹੈ, ਨਾਮ-ਬਾਣੀ ਨੂੰ ਹੀ ਮੱਥਾ ਟੇਕਿਆ ਜਾਂਦਾ ਹੈ, ਹੋਰ ਕਿਸੇ ਵੀ ਵਿਅਕਤੀ ਨੂੰ ਨਹੀਂ। ਅਤੇ ਨਾ ਹੀ ਕਿਸੇ ਵਿਅਕਤੀ ਦੇ ਪੈਰਾਂ ਨੂੰ ਹੱਥ ਲਾਇਆ ਜਾਂਦਾ ਹੈ।

(੩) 'ਸੰਤ' ਕੇਵਲ ਗੁਰੂ ਸਾਹਿਬ ਜੀ ਹੀ ਹਨ। ਪੂਰਾ ਗੁਰੂ 'ਸੰਤ' ਹੈ। ਸਿਖ, ਕਦਾਚਿਤ 'ਸੰਤ' ਨਹੀਂ ਹੋ ਸਕਦਾ। 'ਸੰਤ' ਪਦ ਗੁਰਬਾਣੀ ਅੰਦਰ ਬਹੁ-ਵਚਨ ਰੂਪ ਵਿਚ ਗੁਰਸਿਖਾਂ ਪ੍ਰਤੀ ਵਰਤਿਆ ਗਿਆ ਹੈ।

(੪) ਚਰਨੀਂ ਗੁਰੂ ਸਾਹਿਬ ਜੀ ਦੀ ਹੀ ਲਗਿਆ ਜਾਂਦਾ ਹੈ। 'ਸਿਖ' ਕਿਸੇ ਨੂੰ ਆਪਣੀ ਚਰਨੀਂ ਲਗਾਉਣ ਜੋਗ ਨਹੀਂ ਹੈ। ਜੇ ਅਸੀਂ ਗੁਰਸਿਖ ਦਾ ਭਲਾ ਚਾਹੁੰਦੇ ਹਾਂ ਤਾਂ ਉਸ ਦੇ ਚਰਨਾਂ ਨੂੰ ਹੱਥ ਲਾ ਕੇ ਉਸ ਨੂੰ ਹਉਮੈ ਦੀ ਚੋਟੀ ਤੇ ਨਾ ਪਹੁੰਚਾ ਦੇਈਏ, ਕਿਉਂਕਿ "ਹਉਮੈ ਨਾਵੈ ਨਾਲਿ ਵਿਰੋਧੁ ਹੈ.... (੫੬੦)। ਪੈਰਾਂ ਨੂੰ ਹੱਥ ਲਵਾਉਣ ਵਾਲਾ ਨਾਮ ਤੋਂ ਸਖਣਾ ਹੋ ਜਾਏਗਾ।

(੫) ਆਪਣੀਆਂ ਲੋੜਾਂ ਲਈ ਆਪਣੀ ਨੇਕ ਕਮਾਈ ਵਰਤਣੀ ਹੀ ਉਚਿਤ ਹੈ। ਇਸ ਕਮਾਈ ਵਿਚੋਂ ਵੀ ਪਰ-ਉਪਕਾਰ ਹਿਤ ਦਸਵੰਧ ਕਢਣ ਦੀ ਮਰਯਾਦਾ ਚਲੀ ਆਉਂਦੀ ਹੈ, ਜੋ ਅਤਿ ਲੋੜੀਂਦੀ ਹੈ। ਅਜਿਹਾ ਕਰਨ ਨਾਲ ਮਨ ਵਿਚ ਤਿਆਗ ਦੀ ਭਾਵਨਾ ਉਪਜਦੀ ਹੈ। ਵਰਨਾ ਸਿੱਖੀ ਦੇ ਮਾਰਗ ਦੀ ਪਹਿਚਾਣ ਭੁਲ ਜਾਏਗੀ। ਯਥਾ: ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥ (੧੨੪੫)

(੬) ਰਹਿਤਨਾਮਿਆਂ ਅਨੁਸਾਰ ਗੁਰੂ ਦਰ ਤੋਂ ਸੇਵਾ ਬਦਲੇ ਪ੍ਰਾਪਤ ਹੋਈ ਮਾਇਆ ਨੂੰ ਨਿਰਬਾਹ ਮਾਤਰ ਵਰਤਣ ਦੀ ਹੀ ਅਗਵਾਈ ਮਿਲਦੀ ਹੈ। ਬਾਕੀ ਮਾਇਆ ਨੂੰ ਲੋੜਵੰਦਾਂ ਅਤੇ ਗੁਰੂ ਕੇ ਲੇਖੇ ਲਾਇਆ ਜਾਣਾ ਹੀ ਉਚਿਤ ਹੈ।

(੭) 'ਬੇ-ਅੰਮ੍ਰਿਤੀਏ' ਵੇਦੀਨ ਕਹਿਲਾਉਂਦੇ ਹਨ। ਇਨ੍ਹਾਂ ਨਾਲ ਰੋਟੀ ਬੇਟੀ ਦੀ ਸਾਂਝ ਦੀ ਮਨਾਹੀ ਹੈ—ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥ ਸਿਫਤੀ ਸਾਰ ਨਾ ਜਾਣਨੀ ਸਦਾ ਵਸੈ ਸੈਤਾਨੁ ॥" (੭੯੦) ਇਨ੍ਹਾਂ ਨਾਲ ਸਾਂਝ ਰਖਣ ਨਾਲ ਸਿਫਤ (ਨਾਮ) ਦੀ ਸਾਰ ਭੁਲ ਜਾਏਗੀ, ਅਤੇ ਸ਼ੈਤਾਨ (ਰੂਪ ਪੰਜੇ ਦੁਸ਼ਟ) ਸਰੀਰ ਵਿਚ ਆ ਵਾਸਾ ਕਰਨਗੇ।

(੮) ਜੇਹੜੇ 'ਅੰਮ੍ਰਿਤਧਾਰੀ' ਪੂਰੇ ਅੰਮ੍ਰਿਤ ਵੇਲੇ ਦੀ ਸੰਭਾਲ ਨਹੀਂ ਕਰਦੇ, ਉਹ ਜ਼ਰੂਰ ਹੀ ਖਾਣ ਪੀਣ ਦੇ ਬਿਬੇਕ ਵਿਚ ਢਿਲੇ ਹੁੰਦੇ ਹਨ। ਅਤੇ ਉਨ੍ਹਾਂ ਦੀ ਰੁਚੀ ਜ਼ਬਾਨ ਦੇ ਚਸਕਿਆਂ ਅਤੇ ਸਰੀਰਕ ਅਰਾਮ ਵਿਚ ਜ਼ਿਆਦਾ ਹੁੰਦੀ ਹੈ।

(੯) ਅੰਮ੍ਰਿਤ ਵੇਲੇ ਦੀ ਸੰਭਾਲ ਬਾਰੇ ਹਰਿ-ਦਰਗਾਹ ਦੇ ਮਾਲਕ ਦੇ ਹਰਿ-ਦਰਗਾਹੀ ਹੁਕਮ—

(ੳ) ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥੪॥ (ਜਪੁਜੀ)

(ਅ) ਬਾਬੀਹਾ (ਗੁਰਸਿਖ) ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥ (ਪੰਨਾ ੧੨੮੫)

(ੲ) ਕਬੀਰ ਸੂਤਾ ਕਿਆ ਕਰਹਿ, ਉਠਿ, ਕਿ ਨਾ ਜਪਹਿ ਮੁਰਾਰਿ ? (ਪੰਨਾ ੧੩੭੧)

(ਸ) ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥੧੦੭॥ (ਪੰਨਾ ੧੩੮੩)✶



www.AKJ.Org

ਤਿੰਰ ਕਵਿਤਾਵਾਂ-ਸ੍ਰ: ਅਤਰ ਸਿੰਘ ਨੀਰ, 289-A Q.U. ਪੀਤਮ ਪੁਰਾ, ਦਿਲੀ 34

# ਰੱਬ ਤੇ ਸਾਇੰਸਦਾਨ

ਯੂਰਪ ਦਿਆਂ ਸਾਇੰਸਦਾਨਾਂ, ਫ਼ਲਾਸਫ਼ਰਾਂ ਵਿਦਵਾਨਾਂ। ਨਵੀਆਂ ਨਵੀਆਂ ਥੀਊਰੀਆਂ ਘੜਕੇਘੜਿਆ ਨਵਾਂ ਫ਼ਸਾਨਾ।
ਪਾਏ ਭੁਲੇਖੇ ਦੁਨੀਆ ਅੰਦਰ ਰੱਬ ਦੀ ਹੋਂਦ ਦੇ ਬਾਰੇ। ਘੁੰਮਣ-ਘੇਰੀਆਂ ਵਿਚ ਫਸਾਏ ਦੁਨੀਆਦਾਰ ਵਿਚਾਰੇ।
ਲਬਾਰਟਰੀਆਂ ਵਿਚ ਕਰਨ ਤਜਰਬੇ ਉਮਰਾ ਸਭ ਗਵਾਈ। ਸੁਖ ਦਾ ਚਾਨਣ ਲਭਦੇ ਲਭਦੇ ਖੈ ਗਏ ਉਲਟੇ ਰਾਹੀਂ।
ਲਭੀ ਨ ਪ੍ਰਸੰਨਤਾ ਮਨ ਦੀ, ਨ ਠੰਢਕ ਨ ਸ਼ਾਂਤੀ। ਉਲਝ ਕੇ ਮਾਦਾ-ਪ੍ਰਸਤੀ ਦੇ ਵਿਚ ਭੁਲ ਗਏ ਅਸਲ ਕਰਾਂਤੀ।
ਐਟਮ ਬੰਬ ਤੇ ਉਡਣੇ ਰਾਕਟ, ਲਭੇ ਹਥਿਆਰ ਨਿਰਾਲੇ। ਐਸ਼ਵਰਜ ਦੇ ਮਾਲ ਅਨੋਖੇ ਪ੍ਰੇਸ਼ਾਨੀਆਂ ਹੀ ਵਾਲੇ।
ਨਵੀਆਂ ਨਵੀਆਂ ਕਾਢਾਂ ਕਢ ਕੇ ਦੁਨੀਆ ਨੂੰ ਭਰਮਾਇਆ। ਵਡੇ ਵਡੇ ਦਾਹਵੇ ਕਰ ਕਰ ਭਰਮ-ਭੁਲੇਖਾ ਪਾਇਆ।
ਆਖਣ ਅਜੀਂ ਲਾ ਉਡਾਰੀਆਂ, ਸਤਾਰਿਆਂ ਉਤੇ ਪੁਜੇ। ਤਾਰਿਆਂ ਦੇ ਮੰਡਲਾਂ ਨੂੰ ਕਰੀਏ ਬੰਦ ਪਕੜ ਵਿਚ ਕੁਜੇ।
ਧਰਤੀ ਉਤੇ ਉਤਰਨ ਦੇ ਲਈ ਤਾਰਿਆਂ ਦੀ ਰੁਸ਼ਨਾਈ। ਚਾਲੀ ਕਰੋੜ ਸਾਲ ਹੈ ਕਟਦੀ ਅਰਸ਼ਾਂ ਦੀ ਲੰਬਾਈ।
ਫਿਰ ਦਸੋ ਕਿ ਕਿਵੇਂ ਹੈ ਸੁਣਦਾ, ਰੱਬ ਅਰਦਾਸਾਂ ਛੇਤੀ। ਇਹ ਨੇ ਦਿਲ-ਬਹਿਲਾਵੇ ਫੋਕੇ, ਭੁਲੀ ਦੁਨੀਆ ਕੇਤੀ।
ਇਸ ਵਡੇ ਬ੍ਰਹਿਮੰਡ ਦੇ ਅੰਦਰ ਬੰਦਾ ਕੁਝ ਵੀ ਨਹੀਂ ਏ। ਨੰਨ੍ਹੇ ਜਿਹੇ ਕੀੜੇ ਜਹੀ ਵੀ ਇਸਦੀ ਹਸਤੀ ਨਹੀਂ ਏ।
ਇਸ ਲਈ ਮੰਨਣ ਵਾਲੀ ਨਹੀਂ ਗੱਲ ਕਿ ਐਡਾ ਵਡਾ ਸਾਈਂ। ਯਾਦ ਕਰੇਂਦਾ ਹੋਵੇਗਾ ਉਹ ਨੰਨ੍ਹੇ ਕੀੜਿਆਂ ਤਾਈਂ।

ਪਰ ਕਦੇ ਨਹੀਂ ਸੋਚਿਆ ਉਨ੍ਹਾਂ, ਇਹ ਨੇ ਭਰਮ-ਭੁਲੇਖੇ। ਹਰ ਬੰਦਾ ਜੇ ਸੁਰਤ ਅਪਣੀ, ਅੰਦਰ ਮੋੜ ਕੇ ਵੇਖੇ।
ਮਹਿਕ ਮਿਲੇਗੀ ਮਿਠੀ ਮਿਠੀ ਗ਼ਜ਼ਬਾਂ ਦੀ ਸਰੂਰੀ। ਮਨ ਦੇ ਅੰਦਰ ਜਗਦੀ ਮਿਲਸੀ ਜੋਤਿ ਮਾਹੀ ਦੀ ਨੂਰੀ।
ਭਰਿਆ ਪਿਆ ਕਮਾਲਾਂ ਦਾ ਕੋਈ ਅੰਦਰ ਹੈ ਖਜ਼ਾਨਾ। ਬੇਬਹਾ ਬੇਅੰਤ ਅਮੁਲਾ ਫ਼ੈਜ਼ ਸਰੂਰ ਰੱਬਾਨਾ।
ਰਤਨ ਅਮੋਲਕ ਦਿਸਣ ਅੰਦਰ, ਨੂਰੀ ਵੰਨ-ਸੁਵੰਨੇ। ਚਮਕਾਂ ਦੇਣ ਅਲੌਕਿਕ ਕੋਟੀ, ਮੋਤੀ ਹੀਰੇ ਪੰਨੇ।
ਅਥਾਹ ਸਾਗਰ ਤੇ ਜਿਦਾਂ ਭਾਰੀ ਮੀਲਾਂ ਘੇਰੇ ਵਾਲੇ। ਤਰਦੇ ਹੋਏ ਤੁਰਦੇ ਜਾਂਦੇ ਕਈ ਜਹਾਜ਼ ਸੁਖਾਲੇ।
ਨਿਕੀਆਂ ਜਿਹੀਆਂ ਬੇੜੀਆਂ ਦੇ ਸੰਗ ਅਥਾਹ ਪਾਣੀ ਦੇ ਉਤੇ। ਪੂੰਗਰ ਮਛੀਆਂ ਪੰਛੀ ਤੁਰਦੇ, ਹਰ ਸਮੇਂ ਹਰ ਰੁਤੇ।
ਕੋਣ ਉਨ੍ਹਾਂ ਨੂੰ ਤੋਰਨ ਵਾਲਾ, ਕੋਣ ਉਨ੍ਹਾਂ ਨੂੰ ਰਖਦਾ। ਸਾਇੰਸਦਾਨਾਂ ਨੁਕਤਾ ਜਾਣਿਆ ਅੱਜ ਤਕ ਨ ਇਸ ਪੱਖ ਦਾ।
ਜਲ ਦੇ ਅੰਦਰ ਜੀਵ ਜੰਤ ਜੋ ਕੋਣ ਉਨ੍ਹਾਂ ਨੂੰ ਖਿਲਾਂਦਾ? ਜਦ ਕਿ ਉਥੇ ਰੋਜ਼ੀ ਕੋਈ ਨ, ਨਾ ਕੋਈ ਹੱਟ ਚਲਾਂਦਾ।
ਰਮਿਆ ਹੋਇਆ ਜ਼ੱਰੇ ਜ਼ੱਰੇ ਵਿਚ, ਕਣ ਕਣ ਅੰਦਰ ਲੱਸੇ। ਕੀਟ ਕਿਟਾਣੂ ਹਰ ਸ਼ੈ ਉੱਤੇ, ਮੇਹਰ ਉਹਦੀ ਨਿਤ ਵੱਸੇ।
ਇਕੋ ਸਿਰਫ਼, ਸਿਰਫ਼ ਰੱਬ ਇਕੋ, ਸਭਨਾਂ ਨੂੰ ਪ੍ਰਤਿਪਾਲੇ। ਹਰ ਇਕ ਜੀਵ ਜੰਤ ਦੇ ਤਾਈਂ, ਪਲ ਪਲ 'ਨੀਰ' ਸੰਭਾਲੇ।

---

✶(ਹ) ਪਹਿਲੇ ਪਹਿਰੇ ਫੁਲੜਾ, ਫਲੁ ਭੀ ਪਛਾ ਰਾਤਿ ॥
ਜੋ ਜਾਗੰਨਿ੍ ਲਹੰਨਿ ਸੇ, ਸਾਈ ਕੰਨੋ ਦਾਤਿ ॥੧੧੩॥ (ਪੰਨਾ ੧੩੮੪)

(ਕ) ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ (ਪੰਨਾ ੩੦੫)

ਸਾਨੂੰ ਇਨ੍ਹਾਂ ਹਰਿ-ਦਰਗਾਹੀ ਹੁਕਮਾਂ ਨੂੰ ਬੜੀ ਭੈ-ਭਾਵਨਾ ਨਾਲ ਵਿਚਾਰਨ ਅਤੇ ਕਮਾਉਣ ਦੀ ਲੋੜ ਹੈ।

ਜੇ ਕੋਈ ਸਿਖ ਕਿਸੇ ਅੰਮ੍ਰਿਤ-ਅਭਿਲਾਖੀ ਨੂੰ, ਅੰਮ੍ਰਿਤ ਛਕਣ ਬਾਅਦ ਕਕਾਰ ਪਹਿਰੇ ਰਖਣ ਵਿਚ ਢਿਲਿਆਈ ਵਰਤਾਉਣ ਦੀ ਰਾਏ ਦਿੰਦਾ ਹੈ, ਜਿਵੇਂ ਗਾਤਰੇ ਦੀ ਕਿਰਪਾਨ ਜਾਂ ਕੇਸਕੀ (ਛੋਟੀ ਦਸਤਾਰ) ਉਤਾਰ ਦੇਣ ਦੀ ਰਾਏ ਦੇਵੇ ਤਾਂ ਉਹ ਸਿਖ ਗੁਰੂ ਕਾ ਦੇਣਹਾਰ ਹੈ ਅਤੇ ਗੁਰੂ ਪਾਤਸ਼ਾਹ ਦੀ ਚਲਾਈ ਰਹਿਤ ਮਰਯਾਦਾ ਨੂੰ ਤੋੜਨ ਅਤੇ ਕੁਚਾਲ ਚਲਾਉਣ ਦਾ ਅਪਰਾਧੀ ਹੈ। ਅਜਿਹੇ ਸਿਖ ਨਾਲ ਮਿਲਵਰਤਣ ਬੰਦ ਕਰਨੀ ਹੀ ਉਚਿਤ ਹੈ।

ਖਾਲਸਾ ਜੀ ਦਾ ਸੇਵਕ--ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਅੰਮਿਤਸਰ



www.AKJ.Org

## ਇਕੋ ਮੇਰਾ ਵਾਹਿਗੁਰੂ (ਸ: ਅਤਰ ਸਿੰਘ ਨੀਰ)

ਵਾਹਿਗੁਰੂ ਸਿਰਫ਼ ਇਕ ਹੈ, ਇਕ ਹੈ ਉਸਦੀ ਜ਼ਾਤ। ਸੱਚਾ ਉਸ ਦਾ ਨਾਮ ਹੈ, ਸੱਚੀ ਜ਼ਾਤ ਸਫ਼ਾਤ।
ਸਾਜਣਹਾਰਾ ਸਭਸ ਦਾ, ਆਪੇ ਹੀ ਹੈ ਆਪ। ਲਗੀ ਕੁਲ ਬ੍ਰਹਿਮੰਡ ਤੇ, ਉਸ ਦੀ ਹੀ ਹੈ ਛਾਪ।
ਅਪਣੀ ਸਾਜੀ ਸ੍ਰਿਸ਼ਟ ਵਿਚ,ਵਾਹਿਗੁਰੂ ਦੀਨ ਦਯਾਲ, ਸਦਾ ਹੀ ਜ਼ਾਹਿਰ ਜ਼ਹੂਰ ਹੈ, ਹਰ ਸਮੇਂ ਹਰ ਕਾਲ।
ਬੇਖ਼ਤਰ ਬੇਖ਼ੌਫ਼ ਹੈ, ਬੇਡਰ ਹੈ ਬੇਬਾਕ। ਭੈ ਤੋਂ ਬਿਲਕੁਲ ਮੁਕਤ ਹੈ, ਭੈ ਤੋਂ ਬਿਲਕੁਲ ਪਾਕ।
ਵੈਰ-ਭਾਉ ਤਾਂ ਹੈ ਨਹੀਂ, ਵਿਤਕਰ ਨਹੀਂ ਹੈ ਕੋਲ। ਦੂਈ ਦਵੈਤ ਤੋਂ ਪਰੇ ਹੈ, ਮਾਲਕ ਅਟੱਲ ਅਡੋਲ।
ਕਾਲ ਦੇ ਚਕਰ ਵਿਚ ਨਹੀਂ, ਕਾਇਮ ਦਾਇਮ ਹਮੇਸ਼। ਜੁਗਾਂ ਜੁਗਾਂ ਤੋਂ ਚਲ ਰਿਹਾ, ਉਸਦਾ ਹੈ ਆਦੇਸ਼।
ਜਨਮ ਮਰਨ ਦੇ ਗੇੜ ਵਿਚ, ਨਹੀਂ ਹੈ ਉਹ ਮਹਾਰਾਜ। ਅਪਣੇ ਆਪ ਪ੍ਰਕਾਸ਼ਮਾਨ, ਹੈ ਗ਼ਰੀਬ-ਨਿਵਾਜ।
ਮਿਹਰ ਗੁਰੂ ਦੀ ਨਾਲ ਹੈ, ਮਿਲਦਾ ਰੱਬ ਦਯਾਲ। ਸਦਕੇ ਉਸ ਦੇ ਹੀ ਮਿਲੇ, ਉਸ ਦਾ 'ਨੀਰ' ਜਮਾਲ।

## ਵਾਹਿਗੁਰੂ ਬੇਅੰਤ (ਸ: ਅਤਰ ਸਿੰਘ ਨੀਰ)

ਵਾਹਿਗੁਰੂ, ਮੇਰਾ ਸਰਬ ਵਿਆਪੀ, ਮਿਠਾ ਗਹਿਰ ਗੰਭੀਰਾ। ਕਰਦਾ ਹੈ ਸੰਭਾਲ ਸਭਨ ਦੀ, ਕੀ ਵਡਾ ਕੀ ਕੀਰਾ।
ਸੂਰਜ ਦਾ ਜਿਉਂ ਚਾਨਣ ਹਰ ਥਾਂ, ਵਡੇ ਛੋਟੇ ਘਰ ਤੇ। ਅਮੀਰ ਗਰੀਬ ਤੇ ਇਕੋ ਜਿਹੀ ਵਰਖਾ ਜਿਵੇਂ ਬਰਸੇ।
ਉਸੇ ਤਰ੍ਹਾਂ ਹੀ ਹਰ ਦੇ ਉਤੇ, ਉਸ ਦੀ ਮਿਹਰ ਅਮੁਲੀ। ਸਾਹੂਕਾਰ ਦਾ ਬੰਗਲਾ ਹੋਵੇ, ਜਾਂ ਗਰੀਬ ਦੀ ਕੁਲੀ।
ਸੂਰਜ ਚੰਨ ਸਤਾਰਿਆਂ ਅੰਦਰ ਜਿਸ ਤਰ੍ਹਾਂ ਹੈ ਵਸਦਾ। ਸੂਖਮ ਜਿਹੇ ਪਦਾਰਥ ਵਿਚ ਵੀ,ਉਹ ਉਵੇਂ ਹੈ ਲਸਦਾ।
ਉਸਦੀ ਅਚਰਜ ਲੀਲ੍ਹਾ ਦਾ ਹੈ, ਹਰ ਪਾਸੇ ਲਿਸ਼ਕਾਰਾ। ਹਰ ਇਕ ਵਸਤੂ ਹਰ ਚੀਜ਼ ਵਿਚ,ਉਸਦਾ ਤੇਜ਼ ਸ਼ਰਾਰਾ।
ਬੇਅੰਤ ਸੂਖਮ ਵਸਤੂਆਂ ਦਾ ਨਿਤ ਧਿਆਨ ਉਹ ਕਰਦਾ। ਇਸੇ ਤਰ੍ਹਾਂ ਹੀ ਬੰਦੇ ਦੇ ਵਿਚ ਪਿਆਰ ਹੈ ਉਸਦਾ ਝਰਦਾ।
ਸਾਇੰਸ ਵਾਲੇ ਫੋਕੇ ਥੋਥੇ ਕਰਦੇ ਰਹਿਣ ਕਹਾਣੀ। ਮਖਣ ਢੂੰਡਣ ਲਈ ਪਏ ਮਾਰਨ, ਪਾਣੀ ਵਿਚ ਮਧਾਣੀ।
ਹਰ ਥਾਂ ਉਤੇ ਹਾਜ਼ਰ ਨਾਜ਼ਰ, ਹਰ ਸ਼ੈ ਵਿਚ ਰੱਬ ਮਾਹੀ। ਤਰਲ ਪਦਾਰਥ ਤੇ ਸੂਖਮ ਵਸਤੂ, ਉਸਤੋਂ ਖਾਲੀ ਨਾਹੀਂ।
ਛੱਡ ਦੇ ਨਿਉਲੀਆਂ ਕਰਮ ਸਾਧਣੇ,ਥੀਊਰੀਆਂ ਦੇ ਚਮਕਾਰੇ। ਮਨ ਦਾ ਕਾਂਟਾ ਮੋੜ ਅੰਦਰ ਨੂੰ, ਮਿਠੇ ਖਾ ਹੁਲਾਰੇ।
ਇਸਦੇ ਅੰਦਰ ਜਾਦੂ ਭਰੀ ਕਰਾਮਾਤ ਇਕ ਆਲੀ। ਜਿਸ ਹਿਰਦੇ ਵਿਚ ਵਾਹਿਗੁਰੂ ਟਿਕਦਾ,ਉਸਦੀ ਗੱਲ ਨਿਰਾਲੀ।
ਆਪ ਤੇ ਆਪ ਹੀ ਹੁੰਦੇ ਜਾਵਣ, ਕਾਰਜ ਉਸ ਦੇ ਸਾਰੇ। ਧਨ-ਲਖਸ਼ਮੀ-ਇੱਜ਼ਤ-ਬਰਕਤ, ਪੁਜਣ ਉਸਦੇ ਦੁਆਰੇ।
ਥੁੜ ਨ ਰਹਿੰਦੀ ਕਿਸੇ ਚੀਜ਼ ਦੀ, ਮਾਣੇ ਸੁਖ ਸਦੀਵੀ। ਦੁਨੀਆ ਦੇ ਫਿਕਰਾਂ ਤੋਂ ਹੱਟ ਕੇ, ਬਿਰਤੀ ਰਹਿੰਦੀ ਖੀਵੀ।
ਸਿਦਕ ਪਹਾੜਾਂ ਨੂੰ ਵੀ ਤੋਰੇ, ਸਿਦਕ ਸੂਰਜ ਨੂੰ ਬੰਨ੍ਹੇ। ਪੱਥਰ ਚੋਂ ਭਗਵਾਨ ਬੁਲਾਇਆ, ਨਾਲ ਸਿਦਕ ਦੇ ਧੰਨੇ।
ਰਖ ਯਕੀਨ ਕਿ ਸਭ ਜੀਆਂ ਦਾ, ਇਕੋ ਸਿਰਜਣਹਾਰਾ। ਧਰਤੀ ਤੇ ਅਕਾਸ਼ ਦੇ ਅੰਦਰ, ਉਸਦਾ ਕੁਲ ਪਸਾਰਾ।
ਦਾਤਾ ਹੈ ਉਹ ਸਭ ਜੀਆਂ ਦਾ, ਰਾਖਾ ਹੈ ਉਹ ਹਰ ਦਾ। ਸੁੱਕੇ ਸੜੇ ਮੁਢੋਂ ਖੁਥੇ, ਪਲ ਵਿਚ ਹਰਿਆਂ ਕਰਦਾ।
ਪੂਰਨ ਵਾਹਿਗੁਰੂ ਦੇ ਖ਼ਜ਼ਾਨੇ, "ਨੀਰ ਜੀ" ਸਭ ਲਈ ਖੁਲ੍ਹੇ। ਭਰ ਲਉ ਝੋਲਾਂ ਨਾਲ ਭਰੋਸੇ, ਲਾਹ ਭਰਮਾਂ ਦੇ ਜੁਲੇ।

---

**ਪਾਠਕ ਜੀ**—(੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।
(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।
(੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਉ।
(੪) ਸ਼ਹੀਦੀ ਫੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।
(੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।



www.AKJ.Org

# ਸਿੱਖਾ ! ਜ਼ਰਾ ਕੁ ਝਾਤੀ ਮਾਰ

[ਗਿ: ਗੋਪਾਲ ਸਿੰਘ ਜੀ ਮਿਤਰ, 340/4 ਰਾਮ ਨਗਰ, ਗੁੜਗਾਉਂ]

ਕਲਗੀਧਰ ਨੇ ਜਗ ਵਿਚ ਤੈਨੂੰ ਬਖਸ਼ਿਐ ਉੱਚਾ ਪਦ ਸਰਦਾਰ।
ਸਾਬਤ ਸੂਰਤ ਮੋਹਣੀ ਮੂਰਤ, ਤੈਨੂੰ ਬਖ਼ਸ਼ੀ ਏ ਦਾਤਾਰ।
ਸ਼ੇਰ ਬਣਾ ਕੇ ਤੈਨੂੰ ਤੇਰੇ ਹੱਥ ਵਿਚ ਦਿੱਤੀ ਏ ਤਲਵਾਰ।
ਮਜ਼ਲੂਮ ਦੀ ਰੱਖਿਆ ਲਈ ਤੂੰ ਆਪਣਾ ਅੰਦਰਲਾ ਬਲ ਉਭਾਰ।
ਪਰ ਉਸ ਦਾਤੇ ਦੇ ਉਪਕਾਰਾਂ ਨੂੰ ਬੈਠਾ ਏ ਮਨੋਂ ਵਿਸਾਰ।
ਸਿੱਖਾ ! ਆਪਣੀ ਰਹਿਣੀ ਬਹਿਣੀ ਉੱਤੇ ਜ਼ਰਾ ਕੁ ਝਾਤੀ ਮਾਰ।

ਚੰਗਾ ਜੀਵਨ ਜੀਣ ਲਈ ਤੈਨੂੰ, ਉਸ ਬਖ਼ਸ਼ੇ ਨੇ 'ਜਪੁ' ਤੇ 'ਜਾਪ'।
ਅੰਮ੍ਰਿਤ ਵੇਲੇ ਉਠ ਕੇ ਜੁੜ ਸਾਈਂ ਸੰਗ 'ਆਸਾ ਵਾਰ' ਅਲਾਪ।
ਸੰਝਾਂ ਨੂੰ ਸੋਦਰ ਤੇ ਸੋਹਿਲਾ ਪੜ੍ਹ 'ਆਨੰਦ' ਨ ਵਿਆਪੇ ਤਾਪ।
ਸੋਚ ਸੁਰਤ ਨੂੰ ਉਚਿਆਂ ਰਖ 'ਮਿਤਰ' ਫਿਰ ਰਾਖਾ ਹੈ ਉਹ ਆਪ।
"ਊਠਤ ਬੈਸਤ ਸੋਵਤ ਜਾਗਤ" ਵਾਹਿਗੁਰੂ ਗੁਰਮੰਤ੍ਰ ਚਿਤਾਰ।
ਸਿੱਖਾ ! ਆਪਣੀ ਰਹਿਣੀ ਬਹਿਣੀ ਉਤੇ ਜ਼ਰਾ ਕੁ ਝਾਤੀ ਮਾਰ।

ਏਸੇ ਦਾ ਨਾਂ ਸਿੱਖੀ ਹੈ ਕਿ ਨੰਗੇ ਸਿਰ ਤੂੰ ਖਾਣਾ ਖਾਵੇਂ ?
ਲੋਕੀ ਵੇਖਣ ਨੰਗੇ ਸਿਰ ਤੂੰ ਗੜਵਾ ਪਕੜ ਦਿਸ਼ਾ ਨੂੰ ਜਾਵੇਂ ?
ਚੜ੍ਹੇ ਦਿਨ ਤੂੰ ਸੌਂ ਕੇ ਉੱਠੇਂ, ਗੁਰਦੁਆਰੇ ਜਾਣੋਂ ਸ਼ਰਮਾਵੇਂ ?
ਵਿਸ਼ੇ ਵਿਕਾਰਾਂ ਅੰਦਰ ਰੁੜ੍ਹਿਆ, ਸਾਈਂ ਨਾਲ ਪਿਆਰ ਨ ਪਾਵੇਂ ?
ਸਤਿਸੰਗਤ ਦੀ ਥਾਵੇਂ ਤੂ ਪਾ ਲਿਆ ਸਿਨਮਿਆਂ ਨਾਲ਼ ਪਿਆਰ।
ਸਿੱਖਾ ! ਅਪਣੀ ਰਹਿਣੀ ਬਹਿਣੀ ਉਤੇ ਜ਼ਰਾ ਕੁ ਝਾਤੀ ਮਾਰ।

ਸਾਬਤ ਸੂਰਤ ਹੈਂ ਤੂੰ 'ਮਿੱਤਰ', ਦਸ ਫਿਰ ਕਿਉਂ ਅੰਮ੍ਰਿਤ ਨਹੀਂ ਛਕਦਾ ?
ਤੈਨੂੰ ਚੂੰਢੀਆਂ ਤੇ ਨਹੀਂ ਵੱਢਦਾ, ਕਿਉਂ ਕਛਹਿਰਾ ਪਹਿਰਨੋਂ ਝਕਦਾ ?
ਪਾਹੁਲ ਛਕ ਕੇ ਤੂੰ ਕਦ ਆਵੇਂ ? ਸਤਿਗੁਰੂ ਤੇਰੇ ਵਲ ਹੈ ਤਕਦਾ।
ਬਿਨ ਅੰਮ੍ਰਿਤ ਤੂੰ ਗੁਰ-ਦਰ ਤੇ ਪਰਵਾਣ ਕਦੀ ਵੀ ਹੋ ਨਹੀਂ ਸਕਦਾ।
ਅੰਗ ਸੰਗ ਤੇਰੇ ਹੈ ਸਤਿਗੁਰੂ, ਪੂਰਾ ਸਿਦਕ ਦਿਲੇ ਵਿਚ ਧਾਰ।
ਸਿੱਖਾ ! ਆਪਣੀ ਰਹਿਣੀ ਬਹਿਣੀ ਉਤੇ ਜ਼ਰਾ ਕੁ ਝਾਤੀ ਮਾਰ।

ਕਲਗੀਧਰ ਜੀ ਆਖ ਰਹੇ ਨੇ, ਜੇਕਰ ਬਣਨਾ ਚਾਹਵੇਂ ਮੇਰਾ।
ਛਕ ਲੈ ਪਾਹੁਲ ਖੰਡੇ ਧਾਰ, ਨਾਮ-ਸਿਮਰਨ ਵਿਚ ਜੁਟ ਜਾ ਸ਼ੇਰਾ।
ਰਹਿਤਵਾਨ ਬਣ ਕੇ ਤੂੰ ਮੇਰੇ ਹਿਰਦੇ ਅੰਦਰ ਲਾ ਲੈ ਡੇਰਾ।
ਜੇਕਰ ਤੂੰ ਬਣ ਜਾਵੇਂ ਮੇਰਾ, ਮੈਂ ਵੀ ਬਣ ਜਾਵਾਂਗਾ ਤੇਰਾ।
ਜੋ ਮੰਗੇਂ ਮੈਂ ਦੇਵਾਂਗਾ 'ਮਿੱਤਰ', ਬਾਬੇ ਦੇ ਹਨ ਭਰੇ ਭੰਡਾਰ।
ਸਿੱਖਾ ! ਪਹਿਲਾਂ ਰਹਿਣੀ ਬਹਿਣੀ ਦੇ ਵਲ ਜ਼ਰਾ ਕੁ ਝਾਤੀ ਮਾਰ।



www.AKJ.Org

# ਪੂਜਾ ਦਾ ਧਾਨ

[ਪ੍ਰਿੰਸੀਪਲ ਹਰਿਭਜਨ ਸਿੰਘ ਜੀ]

ਭਾਈ ਗੁਰਦਾਸ ਜੀ ਨੇ ਪੂਜਾ ਦੇ ਪੈਸੇ ਨੂੰ ਉਸ ਜ਼ਹਿਰ ਤੁੱਲ ਦੱਸਿਆ ਹੈ, ਜੋ ਖੰਡ ਵਿਚ ਗਲੇਫ ਕੇ ਖਾਧਾ ਜਾ ਰਿਹਾ ਹੋਵੇ। ਆਪ ਦਾ ਫੁਰਮਾਨ ਹੈ–

"ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜ ॥"

ਮੰਦਰ, ਮਸਜਦ, ਗੁਰਦੁਆਰੇ ਤੇ ਗਿਰਜੇ ਆਦਿ ਧਰਮ-ਅਸਥਾਨਾਂ ਦੀ ਚੜ੍ਹਤ ਦੀ ਝਾਕ ਤੋਂ ਮਨੁੱਖ ਨੂੰ ਸਖ਼ਤੀ ਨਾਲ ਹੋੜਿਆ ਗਿਆ ਹੈ। ਇਸ ਨੂੰ ਨਿੱਜੀ, ਸਵਾਰਥੀ ਕਾਰਜਾਂ ਵਿਚ ਖ਼ਰਚਣ ਦੀ ਲਾਲਸਾ ਨੂੰ ਪਾਪ ਕਹਿ ਕੇ ਨਿੰਦਿਆ ਗਿਆ ਹੈ। ਕਿਹਾ ਜਾਂਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਐਸੀ ਮਾਇਆ ਨੂੰ ਸਿੱਖਾਂ ਨੂੰ ਦੇਣ ਦੀ ਥਾਂ, ਸਰਸਾ ਨਦੀ ਦੇ ਹਵਾਲੇ ਕਰਨਾ ਮੁਨਾਸਿਬ ਸਮਝਿਆ ਸੀ। ਬਹੁਤ ਪੁਰਾਣੀ ਗੱਲ ਨਹੀਂ, ਅੱਜ ਤੋਂ ਪੰਜਾਹ ਸਾਲ ਪਹਿਲਾਂ, ਗੁਰੂ ਕੇ ਲੰਗਰ ਵਿਚ ਪ੍ਰਸ਼ਾਦ ਛੱਕਣ ਤੋਂ ਪਹਿਲਾਂ ਪੈਸੇ ਦਾਣੇ ਆਦਿ ਦੀ ਸ਼ਕਲ ਵਿਚ ਕੁਝ ਨਾ ਕੁਝ ਲੰਗਰ ਵਿਚ ਪਾ ਦਿਤਾ ਜਾਂਦਾ ਸੀ। ਲੇਖਕ ਨੇ ਵੇਖਿਆ ਹੈ ਕਿ ਮਾਈਆਂ ਬੀਬੀਆਂ, ਤਰਨ ਤਾਰਨ ਦੀ ਮਸਿਆ ਜਾਣ ਸਮੇਂ, ਗੁਰੂ ਕੇ ਲੰਗਰ ਲਈ ਆਪਣੇ ਪਲੇ ਸੇਰ ਦੋ ਸੇਰ ਆਟਾ ਬੰਨ੍ਹ ਕੇ ਲੈ ਜਾਇਆ

---

[ਸਫ਼ਾ ੧੮ ਦੀ ਬਾਕੀ]

ਮਿਹਰ ਦੀ ਮਸੀਤਿ ਵਿਚ ਅਤੇ ਸਿਦਕ ਦੇ ਮਸੱਲੇ ਉਪਰ ਬੈਠਣ ਦਾ ਉਪਦੇਸ਼ ਦਿਤਾ। ਦੋਹਾਂ ਨੂੰ ਨਿਰਦਇਤਾ ਤੋਂ ਹਟ ਕੇ ਪ੍ਰੇਮ ਦਾ ਜੀਵਨ ਜੀਣ ਲਈ, ਇਹ ਦਲੀਲਾਂ ਸਮਝਾਈਆਂ ਕਿ–

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥ ਮਾਰਣ ਪਾਹਿ ਹਰਾਮ ਮਹਿ, ਹੋਇ ਹਲਾਲੁ ਨ ਜਾਇ ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥੨॥੭॥ (ਪੰਨਾ ੧੪੧)

ਦਇਆ-ਪ੍ਰੇਮ ਨੂੰ ਪਿਠ ਦੇ ਕੇ ਮਨੁਖ, ਮਨੁਖ ਦਾ ਲਹੂ ਪੀਂਦਾ ਹੈ। ਇਹ ਘੋਰ ਅਧਰਮ ਹੈ ਤੇ ਇਹੋ ਮਨੁਖ ਨੂੰ ਆਪਣੀ ਸ਼ਾਂਤ, ਨਿਰਮਲ ਹੋਣੀ ਤੇ ਨਹੀਂ ਪੁਜਣ ਦਿੰਦਾ–ਕੋਈ ਸ਼ਰ੍ਹਾ-ਸ਼ਰੀਅਤ ਲਹੂ ਪੀਣ ਵਾਲੇ ਦੀ ਸਹਾਇਤਾ ਨਹੀਂ ਕਰ ਸਕਦੀ–

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥੧॥੬॥(੧੪੦)

ਮਨੁਖ ਪਤ ਦਾ ਜੀਵਨ ਕਿਉਂ ਗਵਾਅ ਬੈਠਦਾ ਹੈ, ਇਸ ਦੇ ਦੋ ਕਾਰਨ ਇਥੇ ਦਸੇ ਜਾ ਚੁਕੇ ਹਨ–ਪਹਿਲਾ ਕਾਰਨ ਐਸ਼-ਇਸ਼ਰਤ, ਰਾਗ-ਰੰਗ, ਮਾਲ-ਰੰਗ ਵਿਚ ਨੰਗਾ ਹੋ ਕੇ ਨਚਣਾ ਹੈ। ਦੂਜਾ ਕਾਰਨ 'ਮਨੁਖਾਂ ਦੀ ਰਤ ਪੀਣਾ' ਹੈ। ਗੁਰੂ ਬਾਬੇ ਨੇ ਤੀਜਾ ਕਾਰਨ ਬੇਪਤੇ ਜੀਵਨ ਦਾ ਇਹ ਦਸਿਆ ਹੈ ਕਿ ਮਨੁਖ ਅਸਲ ਧਰਮ ਨੂੰ ਭੁਲ ਕੇ ਤੁਅੱਸਬੀ ਝਗੜਿਆਂ ਵਿਚ ਹੋ ਜਾਵੇ ਤੇ ਧਰਮ ਦੇ ਨਾਂ ਤੇ ਦੂਜੇ ਧਰਮ ਦੇ ਲੋਕਾਂ ਨਾਲ ਜ਼ੋਰ-ਜ਼ੁਲਮ ਕਰੇ। ਵਿਸ਼ੇਸ਼ ਕਰਕੇ ਹਾਕਮ–ਧਰਮ ਵਿਚ ਕਰਦੇ ਹਨ। ਅਸਲ ਧਰਮ ਤਾਂ ਬਦਫੈਲੀ ਜਾਂ ਬੁਰੇ ਕੰਮਾਂ ਤੋਂ ਬਚਣਾ ਹੈ, ਪਰ ਜੇ ਧਰਮ ਦੀ ਆੜ ਵਿਚ ਜ਼ੋਰ-ਜ਼ੁਲਮ ਤੇ ਬੁਰੇ ਕੰਮ ਕੀਤੇ ਜਾਣ ਅਤੇ ਧਰਮ ਦੇ ਨਾਂ 'ਤੇ ਲੜਾਈ ਕੀਤੀ ਜਾਏ, ਪਤ ਦਾ ਜੀਵਨ ਕਿਵੇਂ ਮਿਲ ਸਕਦਾ ਹੈ? ਬਾਬਾ ਜੀ ਨੇ ਕਹਿਆ ਹੈ–

ਬਦਫੈਲੀ ਗੈਬਾਨਾ ਖਸਮੁ ਨ ਜਾਣਈ ॥ ਸੋ ਕਹੀਐ ਦੇਵਾਨਾ ਆਪੁ ਨ ਪਛਾਣਈ ॥
ਕਲਹਿ ਬੁਰੀ ਸੰਸਾਰਿ ਵਾਦੇ ਖਪੀਐ ॥ ਵਿਣੁ ਨਾਵੈ ਵੇਕਾਰਿ ਭਰਮੇ ਪਚੀਐ ॥
ਰਾਹ ਦੋਵੈ ਇਕ ਜਾਣੈ ਸੋਈ ਸਿਝਸੀ ॥ ਕੁਫਰ ਗੋਅ ਕੁਫਰਾਣੈ ਪਇਆ ਦਝਸੀ ॥੯॥ (੧੪੨)

ਹਿੰਦੂ ਮੁਸਲਮਾਣ ਦੋਵੇਂ ਧਰਮ ਅਸਲ ਵਿਚ ਇਕੋ ਹਨ। ਇਹ ਸਿਧਾਂਤ ਬਾਬਾ ਜੀ ਨੇ ਦਿਤਾ–ਅਸਲ ਧਰਮ ਬਦਫੈਲੀ ਅਤੇ ਕੁਫ਼ਰ ਤੋਂ ਬਚਣਾ ਹੈ, ਅਤੇ ਸੱਚ ਨੂੰ ਪਛਾਣਨਾ ਹੈ, ਆਪਣੇ ਆਪ ਨੂੰ ਜਾਣਨਾ ਹੈ।.....



www.AKJ.Org

ਕਰਦੀਆਂ ਸਨ। ਏਥੋਂ ਤੱਕ ਕਿ ਰਹਿਤ-ਨਾਮਿਆਂ ਵਿਚ, ਗੁਰਦਵਾਰੇ ਦੇ ਪਰਮ ਸ੍ਰਿਸ਼ਟ ਸੇਵਕ, ਗ੍ਰੰਥੀ ਜੀ, ਨੂੰ ਵੀ ਅਧਿਕ ਪੂਜਾ, ਨਾ ਲੈਣ ਦੀ ਹਦਾਇਤ ਹੈ। ਹਾਂ, ਗੁਜ਼ਾਰੇ ਮਾਤਰ ਉਹ ਅਵੱਸ਼ ਲਵੇ—

"ਜੋ ਕੋ ਸਿਖ ਗ੍ਰੰਥੀ ਅਹੈ। ਸੋ ਭੀ ਪੂਜਾ ਅਧਿਕ ਨ ਲਹੈ।" (ਰਹਿਤਨਾਮਾ)

ਸਮਾਂ ਬਦਲ ਗਿਆ। ਅੱਜ ਧਾਰਮਿਕ ਅਦਾਰਿਆਂ ਦੇ ਪੈਸੇ ਲਈ ਪਹਿਲਾਂ ਵਾਲਾ ਪਵਿੱਤਰ ਸਤਿਕਾਰ ਤੇ ਸਰਫ਼ਾ ਨਹੀਂ ਰਿਹਾ। ਇਸ ਨੂੰ ਆਪਣੀ ਰਾਜਨੀਤਕ ਸੱਤਾ ਤੇ ਪ੍ਰਭੁਤਾ ਪ੍ਰਾਪਤੀ ਲਈ, ਆਪਣਿਆਂ ਪ੍ਰਭਾਵੀ ਚੋਣ-ਹਲਕਿਆਂ ਵਿਚ ਲਾਉਣੋਂ ਕੋਈ ਮਾਈ ਕਾ ਲਾਲ ਹੀ ਝਿਜਕ ਮਹਿਸੂਸ ਕਰਦਾ ਹੈ। ਧਾਰਮਿਕ ਅਦਾਰਿਆਂ ਦੀ ਮੈਂਬਰੀ ਨੂੰ ਰਾਜਨੀਤਕ ਮੈਂਬਰੀ ਲਈ ਪੜੁਲ ਬਣਾਇਆ ਜਾਂਦਾ ਹੈ। ਇਸ ਨਾਲ ਧਰਮ-ਅਸਥਾਨਾਂ ਦੀ ਪਵਿਤ੍ਰਤਾ ਤੇ ਪ੍ਰਬੰਧ ਦੇ ਮਿਆਰ ਦਾ ਡਿੱਗਣਾ ਲਾਜ਼ਮੀ ਹੈ। ਐਸੀ ਸਥਿਤੀ ਵਿਚ ਧਰਮ-ਅਸਥਾਨ, ਜਨਤਾ ਦੇ ਜੀਵਨ-ਸੋਮੇ ਕਿਵੇਂ ਬਣ ਸਕਦੇ ਹਨ ?

ਜਦ ਤੱਕ ਧੜੇ-ਬੰਦੀ ਅਤੇ ਰਾਜਨੀਤਕ ਪ੍ਰਭੁਤਾ ਦੇ ਨਸ਼ੇ ਨਾਲ ਗੁੱਟ ਹੋਏ ਲੋਕਾਂ ਦੇ ਚੁੰਗਲ ਵਿਚੋਂ ਕੱਢ ਕੇ, ਧਰਮ-ਅਸਥਾਨਾਂ ਦੇ ਵਾਤਾਵਰਨ, ਗੰਗਾ ਦੇ ਨੀਰ ਵੱਤ ਪਵਿੱਤਰ ਨਹੀਂ ਕੀਤੇ ਜਾਂਦੇ, ਸਾਡੇ ਧਾਰਮਿਕ, ਸਮਾਜਿਕ, ਰਾਜਨੀਤਕ ਤੇ ਆਰਥਿਕ ਜੀਵਨ ਦਾ ਸਵੱਛ ਹੋਣਾ ਨਾਮੁਮਕਿਨ ਹੈ। ਧਰਮ-ਅਸਥਾਨਾਂ ਦੇ ਇਕ ਇਕ ਪੈਸੇ ਨੂੰ "ਪਵਿੱਤਰ ਸ਼ੁਮਤਾਈ" ਤੇ ਸਰਫ਼ੇ ਨਾਲ ਜਨਤਕ ਭਲਾਈ ਅਤੇ ਚਲਣ-ਉਸਾਰੀ ਵਿਚ ਲਾਉਣਾ ਹੀ ਪਰਮ ਪੁੰਨ ਹੈ। ਇਹ ਕਾਰਜ ਕੇਵਲ ਇਕੋ ਇਕ ਧਰਮ-ਧੜਾ ਬਣਾਇਆਂ ਹੀ ਸੰਪੂਰਨ ਹੋ ਸਕਦਾ ਹੈ।

ਇਸਲਾਮ ਦੇ ਸੰਸਾਰ ਵਿਚ ਫੈਲਣ ਦੇ ਹੋਰ ਕਾਰਨ ਵੀ ਹੋਣਗੇ, ਪਰ ਇਕ ਵੱਡਾ ਕਾਰਨ ਸੀ ਉਹਨਾਂ ਦੇ ਆਗੂਆਂ ਤੇ ਸੂਫ਼ੀ ਫ਼ਕੀਰਾਂ ਦਾ ਤੱਪ ਤੇ ਤਿਆਗ। ਇਸ ਸੰਬੰਧ ਵਿਚ ਹਜ਼ਰਤ ਅਲੀ ਦੀ ਇਕ ਸਾਖੀ ਵਿਸ਼ੇਸ਼ ਕਰਕੇ ਧਰਮ-ਅਸਥਾਨਾਂ ਦੇ ਪ੍ਰਬੰਧਕਾਂ ਤੇ ਕਰਮਚਾਰੀਆਂ ਲਈ ਰਾਹ-ਦੀਪ ਸਿੱਧ ਹੋ ਸਕਦੀ ਹੈ।

ਕਹਾਣੀ ਹੈ ਕਿ ਹਜ਼ਰਤ ਇਕ ਵੇਰ ਰਾਤੀਂ ਉਮਤ (ਇਸਲਾਮ) ਦਾ ਕੰਮ ਕਾਜ ਕਰ ਰਹੇ ਸਨ। ਕੁੱਝ ਮਿਤਰ ਦੋਸਤ ਤੇ ਸਾਥੀ ਵੀ ਪਾਸ ਬੈਠੇ ਸਨ। ਜਦ ਦੀਨ ਦਾ ਕੰਮ ਮੁੱਕ ਗਿਆ ਤਾਂ ਉਹਨਾਂ ਨੇ ਦੀਵਾ ਬੁਝਾ ਦਿੱਤਾ, ਜਿਸ ਨਾਲ ਹਨੇਰਾ ਹੋ ਜਾਣਾ ਕੁਦਰਤੀ ਸੀ। ਸਾਥੀਆਂ ਨੇ ਪੁੱਛਿਆ—

"ਹਜ਼ਰਤ, ਇਹ ਆਪ ਨੇ ਕੀ ਕੀਤਾ ? ਜਿੰਨਾ ਚਿਰ ਬੈਠੇ ਹਾਂ, ਉਤਨਾ ਚਿਰ ਜੇ ਦੀਵਾ ਬਲਦਾ ਰਹਿੰਦਾ ਤਾਂ ਕੀ ਹਰਜ ਸੀ।"

ਹਜ਼ਰਤ ਅਲੀ ਨੇ ਉੱਤਰ ਦਿੱਤਾ—"ਇਸ ਦੀਵੇ ਵਿਚ, 'ਹਜ਼ਰਤ ਮੁਹੰਮਦ ਸਾਹਿਬ ਦੀ ਉਮਤ' ਦਾ ਤੇਲ ਪਿਆ ਹੈ। ਇਸ ਲਈ ਇਹ ਕੇਵਲ ਤੇ ਕੇਵਲ 'ਉਮਤ' ਦੇ ਕੰਮਾਂ ਵਾਸਤੇ ਹੀ ਖ਼ਰਚ ਹੋ ਸਕਦਾ ਹੈ। ਗੱਲਾਂ ਬਾਤਾਂ ਹਨੇਰੇ ਵਿਚ ਵੀ ਕੀਤੀਆਂ ਜਾ ਸਕਦੀਆਂ ਹਨ।"

ਕਾਸ਼, ਧਰਮ ਤੇ ਜਨਤਕ ਭਲਾਈ ਦਾ ਕੰਮ ਕਰ ਰਿਹਾ ਹਰੇਕ ਧਾਰਮਿਕ ਅਤੇ ਸਮਾਜਕ ਅਦਾਰਾ ਆਪਣੀ ਆਪਣੀ ਉਮਤ, ਭਾਵ, ਸੰਬੰਧਤ ਸੰਸਥਾ ਦੇ 'ਤੇਲ' (ਆਮਦਨ) ਦੀ ਆਖ਼ਰੀ ਬੂੰਦ ਨੂੰ ਵੀ, ਉਸੇ ਕਾਰਜ ਉਤੇ ਖ਼ਰਚ ਕਰੇ, ਜਿਸ ਲਈ ਉਹ ਰਾਖਵੀਂ ਰੱਖੀ ਗਈ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਆਪਣੇ ਤੇ ਪਰਾਏ ਹੱਕ ਦੀ ਤਮੀਜ਼ ਬਾਰੇ ਕਹੇ ਅਮੁਲ ਫ਼ੁਰਮਾਨ "......ਕੰਚਨ ਮਾਟੀ ਮਾਨੈ" ਦੀ ਵਿਆਖਿਆ ਵਿਚ ਇਹ ਸਾਖੀ ਡਾਢੀ ਢੁਕਵੀਂ ਤੇ ਲਾਭਦਾਇਕ ਸਿੱਧ ਹੋ ਸਕਦੀ ਹੈ :

ਇਕ ਬਿਬੇਕ-ਬੁਧ ਦਾ ਧਾਰਨੀ ਜੋੜਾ (ਪਤੀ-ਪਤਨੀ) ਗੁਜ਼ਾਰੇ ਲਈ, ਰੋਜ਼ ਜੰਗਲ ਵਿਚੋਂ ਲਕੜੀ ਕੱਟ ਕੇ ਲਿਆਇਆ ਕਰਦਾ ਸੀ। ਇਕ ਦਿਨ ਵਾਪਸੀ ਉੱਤੇ ਪਤੀ ਨੇ ਰਸਤਿਉਂ ਪਾਸੇ, ਇਕ ਪਾਸੇ, ਇਕ ਸੋਨੇ ਦਾ ਗਹਿਣਾ ਪਿਆ ਵੇਖਿਆ, ਅਤੇ ਇਸ ਖ਼ਿਆਲ ਨਾਲ ਕਿ ਪਿੱਛੇ ਕੁਛ ਫ਼ਾਸਲੇ ਉੱਤੇ ਆ ਰਹੀ ਉਸ ਦੀ ਜੀਵਨ-ਸਾਥਣ ਸੋਨਾ ਵੇਖ ਕੇ ਲੁਭਾਇਮਾਨ ਨਾ ਹੋ ਜਾਵੇ, ਉਸ ਨੇ ਉਸ ਨੂੰ ਮਿੱਟੀ ਨਾਲ ਢੱਕ ਦਿੱਤਾ। ਸੁਪਤਨੀ ਨੇ ਇਹ



www.AKJ.Org

## ਬਿਦਰ ਵਿਚ ਵਰਤੀ [illegible]

ਗੁਰਦੁਆਰਾ ਨਾਨਕ ਝੀਰਾ ਬਿਦਰ (ਕਰਨਾਟਕ) ਦੀ ਕਮੇਟੀ ਤਿੰਨ ਕਾਲਜ ਚਲਾਉਂਦੀ ਹੈ—ਇਕ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਦੂਜਾ ਪੌਲੀਟੈਕਨਿਕ ਕਾਲਜ ਤੇ ਤੀਸਰਾ ਫ਼ਾਰਮੇਸੀ ਕਾਲਜ । ਇਨ੍ਹਾਂ ਕਾਲਜਾਂ ਵਿਚ ਪੜ੍ਹਨ ਲਈ ਦੇਸ਼ ਦੇ ਵਖ ਵਖ ਰਾਜਾਂ ਤੋਂ ਵਿਦਿਆਰਥੀ ਜਾਂਦੇ ਹਨ, ਬਹੁਤੇ ਪੰਜਾਬ ਦੇ ਹੁੰਦੇ ਹਨ । ਹੋਸਟਲ ਵਿਚ ਥਾਂ ਥੋੜੀ ਹੋਣ ਕਰਕੇ ਮੁੰਡੇ ਬਾਹਰ ਕਮਰੇ ਕਿਰਾਏ ਤੇ ਲੈ ਕੇ ਰਹਿੰਦੇ ਹਨ । (ਅਜੀਤ, ੧੮-੯-੮੮, ਸਫ਼ਾ ੫)

ਬਿਦਰ ਵਿਚ ੧੪ ਤੋਂ ੧੬ ਸਤੰਬਰ ਤਕ ਜੋ ਦੁਖਾਂਤ ਵਰਤਿਆਂ, ਉਹ ਰੋਜ਼ਾਨਾ ਅਜੀਤ ਅਨੁਸਾਰ ਇਉਂ ਹੈ—

### ਬਿਦਰ ਦੀਆਂ ਹੌਲਨਾਕ ਘਟਨਾਵਾਂ——ਇਹ ਸਾਜ਼ਸ਼ੀ ਚੁਪ ਕਿਉਂ ?

(ਸ: ਸਤਨਾਮ ਸਿੰਘ ਮਾਣਕ)

ਬਿਦਰ (ਕਰਨਾਟਕ) ਦੀਆਂ ਘਟਨਾਵਾਂ ਦੇ ਹੁਣ ਤੱਕ ਸਾਹਮਣੇ ਆਏ ਵਿਸਥਾਰਾਂ ਨੇ ਬਹੁਤ ਸਾਰੇ ਸੁਆਲ ਖੜੇ ਕੀਤੇ ਹਨ । ੧੪ ਸਤੰਬਰ ਰਾਤ ੯ ਵਜੇ ਤੋਂ ਲੈ ਕੇ ੧੬ ਸਤੰਬਰ ਤਕ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਪਾਲੀਟੈਕਨਿਕ ਕਾਲਜ ਤੇ ਕੁਝ ਹੋਰ ਫਾਰਮੇਸੀ ਕਾਲਜਾਂ ਦੇ ਪੰਜਾਬੀ ਵਿਦਿਆਰਥੀਆਂ ਦਾ ਕਤਲੇਆਮ ਹੁੰਦਾ ਰਿਹਾ । ਵਿਦਿਆਰਥੀ ਜਿਨ੍ਹਾਂ ਘਰਾਂ ਤੇ ਕੋਠੀਆਂ ਵਿਚ ਰਹਿੰਦੇ ਸਨ, ਉਨ੍ਹਾਂ 'ਚੋਂ ਉਨ੍ਹਾਂ ਦਾ ਸਮਾਨ ਲੁਟ ਲਿਆ ਗਿਆ । ਜੋ ਬਾਕੀ ਬੱਚਿਆ, ਉਸ ਨੂੰ ਸਾੜ ਦਿੱਤਾ ਗਿਆ । ਬਹੁਤ ਸਾਰੇ ਵਿਦਿਆਰਥੀਆਂ ਨੂੰ ਘਰਾਂ ਵਿਚੋਂ ਕੱਢ ਕੇ ਮਾਰਿਆ ਕੁਟਿਆ ਗਿਆ ।

ਕਤਲੇਆਮ ਤੇ ਸਾੜਫੂਕ ਦਾ ਸਿਲਸਿਲਾ ੧੪ ਸਤੰਬਰ ਰਾਤ ੯ ਵਜੇ ਗਾਂਧੀ ਗੰਜ ਬਾਜ਼ਾਰ ਬਿਦਰ ਵਿਚ ਪੰਜਾਬੀ ਵਿਦਿਆਰਥੀਆਂ ਅਤੇ ਗਣੇਸ਼ ਪੂਜਾ ਮੰਡਲ ਕਮੇਟੀ ਦੇ ਕੁਝ ਵਰਕਰਾਂ ਦਰਮਿਆਨ ਕਿਸੇ ਗੱਲੋਂ ਝੜਪ ਹੋਣ ਨਾਲ ਸ਼ੁਰੂ ਹੋਇਆ । ਸਥਿਤੀ ਦੀ ਮੰਗ ਇਹ ਸੀ ਕਿ ਸਥਾਨਕ ਪੁਲਿਸ-ਅਧਿਕਾਰੀ ਸਮੇਂ ਸਿਰ ਹਰਕਤ ਵਿਚ ਆਉਂਦੇ ਤੇ ਪੂਰੀ ਪੁਲਿਸ ਸ਼ਕਤੀ ਨਾਲ ਦੰਗਾਕਾਰੀਆਂ ਤੇ ਲੁਟੇਰਿਆਂ ਵਿਰੁੱਧ ਕਾਰਵਾਈ ਕਰਦੇ । ਪਰ ਉਲਟਾ ਹੋਇਆ ਇਹ ਕਿ ਪੁਲਿਸ ਵੀ ਦੰਗਾਕਾਰੀਆਂ ਨਾਲ ਮਿਲ ਕੇ ਪੰਜਾਬੀ ਵਿਦਿਆਰਥੀਆਂ ਵਿਰੁੱਧ ਲੁਟਮਾਰ ਦੀ ਮੁਹਿੰਮ ਵਿਚ ਸ਼ਾਮਲ ਹੋ ਗਈ । ਵਾਪਸ ਆਏ ਵਿਦਿਆਰਥੀਆਂ ਨੇ ਦੱਸਿਆ ਹੈ ਕਿ ਪੁਲਿਸ ਨੇ ਖ਼ੁਦ ਉਨ੍ਹਾਂ ਤੇ ਫ਼ਾਇਰਿੰਗ ਕੀਤੀ,

---

✿ ਸਭ ਕੁੱਝ ਵੇਖ ਲਿਆ ਅਤੇ ਪੁੱਛਿਆ ਕਿ ਉਸ ਨੇ ਅਜਿਹਾ ਕਿਉਂ ਕੀਤਾ ? ਪਤੀ ਨੇ ਉੱਤਰ ਦਿੱਤਾ ਕਿ ਉਸ ਨੇ ਉਸ (ਪਤਨੀ) ਨੂੰ ਸੋਨਾ ਵੇਖ ਕੇ ਡੋਲ ਜਾਣ ਤੋਂ ਬਚਾਉਣ ਹਿੱਤ ਅਜਿਹਾ ਕੀਤਾ ਹੈ । ਸੁਪਤਨੀ ਨੇ ਕਿਹਾ, "ਮੈਨੂੰ ਬੜਾ ਦੁੱਖ ਹੈ ਕਿ ਮੇਰੇ ਪਤੀ ਨੂੰ ਅਜੇ ਤੱਕ ਸੋਨੇ ਤੇ ਮਿੱਟੀ ਵਿਚ ਫ਼ਰਕ ਦਿਸਦਾ ਹੈ, ਜਦ ਕਿ ਮੇਰੇ ਲਈ ਇਹ ਅੰਤਰ ਖ਼ਤਮ ਹੋ ਚੁੱਕਾ ਹੈ ।"

ਇਹ ਹੈ : "ਜੋ ਤੁਹਾਡਾ ਨਹੀਂ, ਉਸ ਨੂੰ ਮੱਤ ਛੂਹੋ" ਦੀ ਬਿਰਤੀ ਦੀ ਪਰਮ-ਉੱਚਤਾ ਅਤੇ ਤੱਤ-ਗਿਆਨ ਦੀ ਸਿਖਰ ।

ਇਸ ਸੰਬੰਧ ਵਿਚ, ਆਖ਼ਰੀ ਤੇ ਅੰਤਿਮ ਹੱਕੀ ਗੱਲ ਤਾਂ ਇਹ ਹੈ ਕਿ ਪੈਸਾ ਚਾਹੇ ਧਰਮ-ਅਸਥਾਨਾਂ ਤੇ ਸਰਕਾਰੀ ਸੰਸਥਾ ਦਾ ਹੋਵੇ ਜਾਂ ਕਿਸੇ ਵੀ ਪਰਾਈ ਧਿਰ ਦਾ, ਜੋ ਤੁਹਾਡਾ ਨਹੀਂ, ਉਸ ਨੂੰ ਪਰਾਇਆ ਹੱਕ ਸਮਝੋ ਅਤੇ ਦੂਜੇ ਦੇ ਹੱਕ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਡਾਢਾ ਕਰੜਾ ਫ਼ੁਰਮਾਨ ਹੈ—

"ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥"੨॥੭॥ (ਪੰਨਾ ੧੪੧)

ਮੁਬਾਰਕ ਹੋਵੇਗੀ ਹੁਣ ਤਕ ਉਡੀਕੀ ਜਾ ਰਹੀ ਉਹ ਘੜੀ, ਜਦ ਅਸੀਂ ਆਪਣੇ ਤੇ ਪਰਾਏ ਹੱਕ ਵਿਚ ਤਮੀਜ਼ ਕਰ ਕੇ, 'ਉਮਤ ਦੇ ਤੇਲ' "ਪੂਜਾ ਦੇ ਧਾਨ" ਨੂੰ ਪਵਿੱਤਰ-ਸਰਫ਼ੇ ਤੇ ਦੈਵੀ ਕੰਜੂਸੀ ਨਾਲ ਕੇਵਲ (ਪੰਥ) ਲਈ ਹੀ ਖ਼ਰਚ ਕਰਨ ਦੀ ਅਲਾਹੀ ਧਾਰਨਾ ਦੇ ਧਾਰਨੀ ਹੋਵਾਂਗੇ । ਫੇਰ, ਨਿਸਚੇ ਹੀ ਬਣ ਜਾਵੇਗਾ ਸਾਡਾ ਸਮਾਜ, ਸਾਡਾ ਦੇਸ਼, ਨਹੀਂ-ਨਹੀਂ, ਸਮਸਤ ਸੰਸਾਰ ਇਕ ਫੁਲਵਾੜੀ, ਹਾਂ ਜੀ, ਭਗਤ ਰਵਿਦਾਸ ਦੇ ਤਖ਼ੱਯੁਲ ਦਾ 'ਬੇਗਮਪੁਰਾ' ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੁਪਨੇ ਦਾ "ਹਲੇਮੀ ਰਾਜ" ।



www.AKJ.Org

ਲਾਠੀਆਂ ਨਾਲ ਹਮਲੇ ਕੀਤੇ ਅਤੇ ਸਥਾਨਕ ਗੁੰਡਾ ਅਨਸਰ ਨੂੰ ਲੁਟਮਾਰ ਤੇ ਸਾੜਫੂਕ ਲਈ ਉਤਸ਼ਾਹਤ ਕੀਤਾ।

ਨਵੰਬਰ ੧੯੮੪ ਵਿਚ ਹੋਏ ਸਿੱਖ ਵਿਰੋਧੀ ਦੰਗਿਆਂ ਸਮੇਂ ਭਾਵੇਂ ਇਹ ਸ਼ਹਿਰ ਸ਼ਾਂਤ ਰਿਹਾ ਸੀ ਪਰ ਹੁਣ ਜੋ ਕੁਝ ਇਥੇ ਹੋਇਆ ਹੈ ਉਸ ਨੇ ਨਵੰਬਰ ੮੪ ਦੇ ਦੰਗਿਆਂ ਨੂੰ ਮਾਤ ਪਾ ਦਿੱਤਾ ਹੈ। ਪੰਜਾਬੀਆਂ ਦੇ ਪ੍ਰਮੁਖ ਵਿਦਿਅਕ ਤੇ ਕਾਰੋਬਾਰੀ ਅਦਾਰੇ ਸਾੜ ਦਿੱਤੇ ਗਏ ਹਨ। ਜਲੰਧਰ ਦੇ ਵਿਦਿਆਰਥੀ ਹਰਪਾਲ ਸਿੰਘ ਚੀਮਾ ਦੇ ਦੱਸਣ ਮੁਤਾਬਕ ਪੰਜਾਬੀਆਂ ਦੀ ੬੦-੭੦ ਪ੍ਰਤੀਸ਼ਤ ਜਾਇਦਾਦ ਤਬਾਹ ਹੋ ਗਈ ਹੈ। ਕਰਨਾਟਕ ਦੀ ਸਰਕਾਰ ਅਤੇ ਸੀਨੀਅਰ ਪੁਲਿਸ ਅਧਿਕਾਰੀ ਵੀ ਸਮੇਂ ਸਿਰ ਦਖ਼ਲ ਦੇਣ ਵਿਚ ਅਸਫਲ ਰਹੇ ਹਨ। ਇਨ੍ਹਾਂ ਘਟਨਾਵਾਂ ਵਿਚ ਭਾਵੇਂ ਹੁਣ ਤੱਕ ੬ ਵਿਦਿਆਰਥੀਆਂ ਦੇ ਮਰਨ ਅਤੇ ੫੦-੬੦ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੀ ਸਾਹਮਣੇ ਆਈ ਹੈ, ਪਰ ਕਿਹਾ ਜਾਂਦਾ ਹੈ ਕਿ ੩੦ ੩੫ ਵਿਦਿਆਰਥੀ ਅਜੇ ਤੱਕ ਲਾਪਤਾ ਹਨ। ਜਾਂ ਤਾਂ ਉਹ ਦੰਗਾਕਾਰੀਆਂ ਨੇ ਬੰਧਕ ਬਣਾਏ ਹੋਏ ਹਨ, ਜਾਂ ਪੁਲਿਸ ਹਿਰਾਸਤ ਵਿਚ ਹਨ, ਜਾਂ ਫਿਰ ਉਹ ਜਾਨ ਬਚਾਉਣ ਲਈ ਕਿਸੇ ਪਾਸੇ ਭੱਜ ਗਏ ਹਨ।

ਬਿਦਰ ਦੀਆਂ ਘਟਨਾਵਾਂ ਲਈ ਦੋ ਮੁਖ ਕਾਰਨ ਜ਼ਿੰਮੇਵਾਰ ਦੱਸੇ ਜਾਂਦੇ ਹਨ। ਪਹਿਲਾ ਇਹ ਕਿ ਸਥਾਨਕ ਗਨੇਸ਼ ਪੂਜਾ ਕਮੇਟੀਆਂ ਪੰਜਾਬੀ ਵਿਦਿਆਰਥੀਆਂ ਕੋਲੋਂ ਹਰ ਸਾਲ ਗਨੇਸ਼ ਪੂਜਾ ਸਮਾਗਮਾਂ ਲਈ ੫੦ ਰੁਪਏ ਤੋਂ ਲੈ ਕੇ ੫੦੦ ਰੁਪਏ ਤੱਕ ਜਬਰੀ ਚੰਦਾ ਵਸੂਲ ਕਰਦੀਆਂ ਸਨ। ਜਿਹੜੇ ਵਿਦਿਆਰਥੀ ਇੰਨੇ ਪੈਸੇ ਦੇਣ ਦੀ ਸਮਰੱਥਾ ਨਹੀਂ ਰੱਖਦੇ ਸਨ ਉਨ੍ਹਾਂ ਨੂੰ ਪਹਿਲਾਂ ਵੀ ਮਾਰਿਆ ਕੁਟਿਆ ਜਾਂਦਾ ਸੀ, ਜਾਂ ਉਨ੍ਹਾਂ ਦੀ ਹੋਰ ਢੰਗਾਂ ਨਾਲ ਬੇਇੱਜ਼ਤੀ ਕੀਤੀ ਜਾਂਦੀ ਸੀ। ਇਸ ਕਾਰਨ ਕੁਝ ਸਥਾਨਕ ਲੋਕਾਂ ਤੇ ਪੰਜਾਬੀ ਵਿਦਿਆਰਥੀਆਂ ਵਿਚ ਤਨਾਅ ਸੀ। ਦੂਜਾ ਕਾਰਨ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦੀ ਕਮੇਟੀ ਨੂੰ ਹੀ ਮੈਡੀਕਲ ਕਾਲਜ ਖੋਲ੍ਹਣ ਦੀ ਪ੍ਰਵਾਨਗੀ ਮਿਲਣੀ ਸੀ। ਇਸ ਵਿਰੁੱਧ ਕੁਝ ਸਥਾਨਕ ਸਿਆਸਤਦਾਨਾਂ ਵਿਚ ਗੁੱਸਾ ਸੀ। ਉਪਰੋਕਤ ਦੋਹਾਂ ਕਿਸਮਾਂ ਦੇ ਸਥਾਨਕ ਨਿਰਾਸ਼ ਅਨਸਰਾਂ ਨੇ ੧੪ ਸਤੰਬਰ ਨੂੰ ਗਾਂਧੀ ਗੰਜ ਬਾਜ਼ਾਰ ਵਿਚ ਹੋਏ ਥੋੜ੍ਹੇ ਜਿਹੇ ਝਗੜੇ ਨੂੰ ਵਧਾ ਕੇ ਵਿਆਪਕ ਕਤਲੇਆਮ ਦਾ ਰੂਪ ਦੇ ਦਿੱਤਾ। ਉਨ੍ਹਾਂ ਨੇ ਇਸ ਮੌਕੇ ਦਾ ਪੂਰਾ ਪੂਰਾ ਲਾਭ ਉਠਾਇਆ।

ਬਿਦਰ ਵਿਚ ਜੋ ਕੁਝ ਹੋਇਆ ਤੇ ਜਿਸ ਤਰ੍ਹਾਂ ਪੁਲਿਸ ਦੰਗਾਕਾਰੀਆਂ ਨਾਲ ਮਿਲ ਗਈ, ਉਹ ਤਾਂ ਆਪਣੇ ਆਪ ਵਿਚ ਨਿੰਦਣਯੋਗ ਹੈ ਹੀ, ਪਰ ਸਭ ਤੋਂ ਵਧ ਜਿਸ ਗੱਲ ਨੇ ਦੇਸ਼ ਭਰ ਵਿਚ ਰਹਿੰਦੇ ਪੰਜਾਬੀਆਂ ਖ਼ਾਸ ਕਰਕੇ ਸਿੱਖਾਂ ਦੇ ਮਨਾਂ ਨੂੰ ਭਾਰੀ ਠੇਸ ਲਾਈ ਹੈ ਉਹ ਇਹ ਹੈ ਕਿ ੧੪ ਤੋਂ ੧੬ ਸਤੰਬਰ ਤਕ ਬਿਦਰ ਵਿਚ ਕਤਲੇਆਮ, ਲੁਟਮਾਰ ਤੇ ਸਾੜਫੂਕ ਹੁੰਦੀ ਰਹੀ, ਪਰ ਦੇਸ਼ ਭਰ ਦੀਆਂ ਅਖ਼ਬਾਰਾਂ, ਖ਼ਬਰ-ਏਜੰਸੀਆਂ, ਰੇਡੀਓ, ਟੀ. ਵੀ. ਵਰਗੇ ਸੰਚਾਰ ਸਾਧਨ ਅਤੇ ਪ੍ਰਮੁਖ ਰਾਜਨੀਤਕ ਪਾਰਟੀਆਂ ਸਭ ਖ਼ਾਮੋਸ਼ ਰਹੇ। ਅਖ਼ਬਾਰਾਂ, ਖ਼ਬਰ-ਏਜੰਸੀਆਂ, ਰੇਡੀਓ ਤੇ ਟੀ.ਵੀ. ਦਾ ਮੁਖ ਕੰਮ ਹੀ ਇਹੋ ਹੈ ਕਿ ਜੋ ਕੁਝ ਦੇਸ਼ ਵਿਚ ਵਾਪਰਦਾ ਹੈ ਉਸ ਦੀ ਖ਼ਬਰ ਦੇਸ਼-ਵਾਸੀਆਂ ਤਕ ਪਹੁੰਚਾਈ ਜਾਏ। ਪਰ ਇਹ ਸਭ ਸਾਧਨ ਤੇ ਕੌਮੀ ਰਾਜਨੀਤਕ ਪਾਰਟੀਆਂ ਦੇ ਲੀਡਰ ਖ਼ਾਮੋਸ਼ ਕਿਉਂ ਰਹੇ ? ਕੀ ਇਸ ਸਾਜ਼ਿਸ਼ ਭਰੀ ਚੁਪ ਦਾ ਕਾਰਨ ਇਹ ਤਾਂ ਨਹੀਂ ਸੀ ਕਿ ਇਨ੍ਹਾਂ ਘਟਨਾਵਾਂ ਦਾ ਸ਼ਿਕਾਰ ਪੰਜਾਬੀ, ਖ਼ਾਸ ਕਰਕੇ ਸਿੱਖ ਹੋ ਰਹੇ ਸਨ। ਇਸ ਲਈ ਸੂਚਨਾ-ਸਾਧਨਾਂ ਲਈ ਇਹ ਕੋਈ ਖ਼ਾਸ ਮਹੱਤਵਪੂਰਨ ਖ਼ਬਰ ਨਹੀਂ ਸੀ, ਕਿਉਂਕਿ ਦੇਸ਼ ਭਰ ਵਿਚ ਨਵੰਬਰ ੧੯੮੪ ਦੇ ਦੰਗਿਆਂ ਤੋਂ ਬਾਅਦ ਇਨ੍ਹਾਂ ਲੋਕਾਂ ਦਾ ਕਤਲੇਆਮ ਕਰਨ ਤੇ ਉਨ੍ਹਾਂ ਦੀਆਂ ਜਾਇਦਾਦਾਂ ਸਾੜਨਾ ਤਾਂ ਬਹੁਗਿਣਤੀ ਨਾਲ ਸੰਬੰਧਤ ਗੁੰਡਾ ਅਨਸਰਾਂ ਦੇ ਬੁਨਿਆਦੀ ਅਧਿਕਾਰਾਂ ਵਿਚ ਸ਼ਾਮਲ ਹੋ ਗਿਆ ਹੈ। ਅਜਿਹਾ ਹੋਵੇ ਵੀ ਕਿਉਂ ਨਾ, ਜਦੋਂ ਕਿ ਕੇਂਦਰੀ ਸਰਕਾਰ ਦੇ ਨੱਕ ਥੱਲੇ ਦਿੱਲੀ ਵਿਚ ਮਿਸ਼ਰਾ ਕਮਿਸ਼ਨ ਦੀ ਆਪਣੀ ਰਿਪੋਰਟ ਮੁਤਾਬਕ ੨੦੦੦ ਕਤਲ ਕੀਤੇ ਗਏ ਸਿੱਖਾਂ ਦੇ ਕਾਤਲਾਂ ਨੂੰ ਅੱਜ ਤਕ ਸਜ਼ਾਵਾਂ ਨਹੀਂ ਦਿੱਤੀਆਂ ਗਈਆਂ ਤਾਂ ਦੇਸ਼ ਭਰ ਦੇ ਦੂਜਿਆਂ ਰਾਜਾਂ ਦੇ ਸਮਾਜ-ਵਿਰੋਧੀ-ਅਨਸਰਾਂ ਦੇ ਮੂੰਹ ਨੂੰ ਲਹੂ ਕਿਉਂ ਨਾ ਲੱਗੇਗਾ। ਹੈਦਰਾਬਾਦ ਵਿਚੋਂ ਇੰਡੀਅਨ ਐਕਸਪ੍ਰੈੱਸ, ਹਿੰਦੂ ਤੇ ਕੁਝ ਹੋਰ ਪ੍ਰਮੁਖ ਅਖਬਾਰਾਂ ਨਿਕਲਦੀਆਂ ਹਨ। ਉਨ੍ਹਾਂ ਨੇ ਇਹ ਮਾਮਲਾ ਕਿਉਂ ਨਾ ਚੁਕਿਆ, ਇਸ ਕਾਂਡ ਦੀਆਂ ਖ਼ਬਰਾਂ ਕਿਉਂ ਨਾ ਛਾਪੀਆਂ ਗਈਆਂ ? ਅਖ਼ਬਾਰਾਂ ਜਮਹੂਰੀਅਤ ਤੇ ਆਜ਼ਾਦੀ ਦਾ ਢੋਲ ਰੋਜ਼ ਪਿਟਦੀਆਂ ਹਨ, ਪਰ ਉਨ੍ਹਾਂ ਦੀ ਬਿਦਰ ਕਾਂਡ ਦੀਆਂ ਖ਼ਬਰਾਂ ਛਾਪਣ ਦੀ ਜੁਰਅਤ ਕਿਉਂ ਨਾ ਹੋਈ ? ਕੀ ਇਸ ਨੂੰ ਉਨ੍ਹਾਂ ਦੀ ਸਾਜ਼ਿਸ਼ੀ ਚੁਪ ਨਹੀਂ ਸਮਝਿਆ ਜਾ ਸਕਦਾ ?...... ਅਜੀਤ, ੨੪-੯-੮੮

www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਸਿਖ ਸੰਗਤਾਂ ਵਲੋਂ ਪੀੜਤ ਪਰਵਾਰਾਂ ਲਈ ਹੇਠ ਲਿਖੀ ਸਹਾਇਤਾ ਪੁਜੀ ਹੈ—

| | | | |
|---|---|---|---|
| ਭਾਈ ਸੋਭਾ ਸਿੰਘ ਹਰਮਿੰਦਰ ਸਿੰਘ ਹੁਸ਼ਿਆਰਪੁਰ | ੧੦੧-੦੦ | ਸ: ਸੰਤੋਖ ਸਿੰਘ ਓਸਲੋ-੧੨, ਨਾਰਵੇ | ੧੨੩੨-੦੦ |
| ਸ: ਪ੍ਰਦੰਮਨ ਸਿੰਘ, ਸ਼ਿਵ ਨਗਰ, ਜਲੰਧਰ | ੧੦੦-੦੦ | ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਯੂ. ਕੇ. | ੮੯੬-੦੦ |
| ਸ: ਜੁਗਿੰਦਰ ਸਿੰਘ ਸੰਧੂ, ਪੂਨਾ | ੨੦੦-੦੦ | ਸ. ਰਘਬੀਰ ਸਿੰਘ ਸਾਊਥਾਲ ਯੂ. ਕੇ. | ੨੮੦-੦੦ |
| ਸ: ਸਤਨਾਮ ਸਿੰਘ, ਸਾਊਥਾਲ ਯੂ. ਕੇ. | ੨੮੦-੦੦ | ਗਿ: ਪ੍ਰੀਤਮ ਸਿੰਘ, ਸਲੋਅ ਯੂ. ਕੇ. | ੩੦੮-੦੦ |
| ਸ: ਕੁਲਦੀਪ ਸਿੰਘ,ਵਿਲਮਸਲੋਅ ਚੇਸ਼ਾਇਰ ਯੂ.ਕੇ. | ੫੬੦੦-੦੦ | ਪ੍ਰਧਾਨ ਗੁ:ਸ੍ਰੀ ਗੁਰੂ ਸਿੰਘ ਸਭਾ ਟ੍ਰਸਟ ਸਾਊਥਾਲ ਯੂ.ਕੇ. | ੩੯੨-੦੦ |
| ਸ: ਗੁਰਸ਼ਰਨ ਸਿੰਘ ਰਤਨ, ਲੇਟਨ ਯੂ. ਕੇ. | ੧੧੦੦-੪੦ | ਗੁਰੂ ਨਾਨਕ ਗੁਰਦਵਾਰਾ ਹਡਲੇ ਟੈਲਫੋਰਟ ਯੂ.ਕੇ. | ੧੪੫੬-੦੦ |
| ਸ: ਕੁਲਵੰਤ ਸਿੰਘ ਨੋਟਿੰਘਮ ਯੂ. ਕੇ. | ੩੦੮-੦੦ | ਸ: ਰਾਜਿੰਦਰ ਸਿੰਘ, ਡਰਬੀ ਯੂ. ਕੇ. | ੪੨੦-੦੦ |
| ਸਾਧਸੰਗਤ ਗੁ: ਗੁਰੂ ਨਾਨਕ ਹਡਰਸਫੀਲਡ ਯੂ. ਕੇ. | ੩੬੪-੦੦ | Flt. L,t ਏ.ਐਸ. ਜਸਲ, 65 SU., AF· | ੧੦੦-੦੦ |

## ਗੁਰਸਿਖ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

ਜਿਨ੍ਹਾਂ ਦੇ ਪਰਵਾਰਾਂ ਦੇ ਕਮਾਊ ਮੈਂਬਰ ਜਾਂ ਮਾਰੇ ਗਏ ਹਨ, ਜਾਂ 'ਨੀਲਾ ਤਾਰਾ' ਅਪ੍ਰੇਸ਼ਨ ਸਮੇਂ ਲਾ-ਪਤਾ ਹਨ, ਜਾਂ ਕੈਦ ਵਿਚ ਹਨ, ਉਨ੍ਹਾਂ ਦੀਆਂ ਪਰਵਾਰਕ ਲੋੜਾਂ ਅਤੇ ਬੱਚਿਆਂ ਦੀ ਪੜ੍ਹਾਈ ਆਦਿ ਲਈ, ਹੇਠ ਲਿਖੀ ਮਦਦ ਦਿਤੀ ਗਈ—

| | |
|---|---|
| ਬੀ: ਰਾਜਕੌਰ ਸਪੁਤ੍ਰੀ ਭਾ: ਹਰਜੀਤ ਸਿੰਘ ਪੱਟੀ (ਦਿਲੀ ਤੋਂ ਉਜੜ ਕੇ ਪੱਟੀ, ਬੱਚਿਆਂ ਦੀ ਪੜ੍ਹਾਈ ਤੇ ਪ੍ਰਵਾਰਕ ਲੋੜਾਂ) | ੫੦੦੦-੦੦ |
| ਮਾਤਾ ਚਰਨ ਕੌਰ ਸੁਪਤਨੀ ਸ: ਕਰਤਾਰ ਸਿੰਘ, ਅਠਵਾਲ(ਬਟਾਲਾ) ਪੁਤਰ ਜੇਲ੍ਹ, ਕੇਸ ਪੈਰਵੀ ਤੇ ਪਰਵਾਰਕ ਲੋੜਾਂ | ੫੦੦੦-੦੦ |
| ਪ੍ਰਕਾਸ਼ ਕੌਰ ਮਾਤਾ ਸ਼ਹੀਦ ਸੁਖਦੇਵ ਸਿੰਘ ਤੁਸਿਕਾ (ਪਤੀ ਝੂਠੇ ਕੇਸ ਵਿਚ ਸ਼ਹੀਦ, ਦੋ ਬੱਚੇ, ਪਰਵਾਰਕ ਲੋੜਾਂ) | ੫੦੦੦-੦੦ |
| ਬੀ: ਹਰਜੀਤ ਕੌਰ ਸੁਪਤਨੀ ਪ੍ਰੀਤਮ ਸਿੰਘ ਕੋਟ ਖਾਲਸਾ(ਪਤੀ ਝੂਠੇ ਕੇਸ, ਨੌਕਰੀ ਛੁਟੀ, ਬੱਚਿਆਂ ਦੀ ਪੜ੍ਹਾਈ ਤੇ ਗੁਜ਼ਾਰਾ) | ੨੦੦੦-੦੦ |
| ਬੀ: ਸੁਖਵਿੰਦਰ ਕੌਰ ਸੁਪਤਨੀ ਲਖਵੀਰ ਸਿੰਘ ਬੰਡਾਲਾ (ਪਤੀ ਕੇਸ ਚਿ ਅੰਦਰ, ਬੱਚਿਆਂ ਦੀ ਪੜ੍ਹਾਈ ਤੇ ਗੁਜ਼ਾਰਾ) | ੫੦੦੦-੦੦ |
| ਧੰਨ ਕੌਰ ਮਾਤਾ ਦਲਬੀਰ ਸਿੰਘ, ਦੁਨਿਆਲ (ਪਤੀ ਪੁਲਸ ਮੁਕਾਬਲਾ, ਸ਼ਹੀਦ, ਖੁਦ ਮੈਂਟਲ ਖੇਚਲ, ਗੁਜ਼ਾਰਾ) | ੫੦੦੦-੦੦ |
| ਮਾਸਕ ਸਹਾਇਤਾ ਪੰਜ ਪੀੜਤ ਪਰਵਾਰ (ਬੈਂਕ ਰਾਹੀਂ) ... ... ... ... | ੧੫੦੦-੦੦ |

੧੧ ਧਰਮੀ ਫ਼ੌਜੀ ਪੀੜਤ ਪਰਵਾਰਾਂ ਨੂੰ ੨੦੦/— ਮਾਸਕ (ਬੈਂਕ ਰਾਹੀਂ)

੧. ਸੁਰਿੰਦਰ ਕੌਰ ਪਤਨੀ ਮਹਿੰਦਰ ਸਿੰਘ ਖੋਜਕੀਪੁਰ, ੨. ਗੁਰਮੀਤ ਕੌਰ ਪਤਨੀ ਗਜਣ ਸਿੰਘ ਮਸੀਹਗਨ
੩. ਮਨਜੀਤ ਕੌਰ ,, ਪ੍ਰੀਤਮ ਸਿੰਘ ਧਰਮਕੋਟ, ੪. ਪਰਮਜੀਤ ਕੌਰ ,, ਨਿਰਮਲ ਸਿੰਘ ਚਕ ਖ਼ੁਰਦ
੫. ਗੁਰਤਖਸ਼ ਕੌਰ ,, ਬਲਬੀਰ ਸਿੰਘ ਰਜਾਪੁਰ, ੬. ਗੁਰਮੀਤ ਕੌਰ ,, ਸਾਧੂ ਸਿੰਘ ਭੋਮਾ
੭. ਜਸਬੀਰ ਕੌਰ ,, ਕਸ਼ਮੀਰ ਸਿੰਘ ਜਗਤੇਵਾਲ, ੮. ਬਲਵਿੰਦਰ ਕੌਰ ,, ਬਲਦੇਵ ਸਿੰਘ ਮਹਿਮਦਪੁਰ
੯. ਮਨਜੀਤ ਕੌਰ ,, ਹਰਭਜਨ ਸਿੰਘ ਰੋਡੇ, ੧੦. ਹਰਜੀਤ ਕੌਰ ,, ਨਿਰਮਲ ਸਿੰਘ ਪਡਿਆਨਾ
੧੧. ਹਰਬੰਸ ਕੌਰ ,, ਜੀਤ ਸਿੰਘ, ਮਲੰਗ ਸ਼ਾਹਵਾਲਾ ੨੨੦੦-੦੦

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ ਕੇਂਦਰੀ ਦਫ਼ਤਰ

---


# ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ | ਜੇਲ੍ਹ ਚਿਠੀਆਂ (ਨਵੀਂ ਛਾਪ) | ੩੦-੦੦ |
| ਸੰਤ ਪਦ ਨਿਰਣਯ | ੬-੫੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਵਾਹਿਗੁਰੂ ਸਿਮਰਨ | ੦-੫੦ | ਗੁਰਮਤਿ ਬਿਬੇਕ | ੭੫-੦ |
| ਬਾਬਾ ਵੈਦ ਰੋਗੀਆਂ ਦਾ | ੦-੬੦ | ਦਰਸ਼ਨ ਝਲਕਾਂ (ਕਵਿਤਾਵਾਂ) | ੫-੦੦ |
| ਆਸਤਕ ਤੇ ਨਾਸਤਕ | ੦-੩੫ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਸਿਖੀ ਸਿਦਕ ਤੇ ਧਰਮ ਰੱਖਿਆ (ਕਾਵਿ) | ੦-੬੦ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਨਿਰਬਾਣ ਕੀਰਤਨੀ ਸਿੰਘਾਂ ਦੀ ਦਾਸਤਾਨ | ੧-੦੦ | ਤਿਮਰ ਅਗਿਆਨ ਤੋਂ ਉਜਿਆਰਾ | ੦-੩੦ |


www.AKJ.Org

## ਦਿਲੀ ਸਾਲਾਨਾ ਕੀਰਤਨ ਸਮਾ

ਸੋਮਵਾਰ ੧੭ ਅਕਤੂਬਰ ਸਵੇਰ ਤੋਂ ੨੦ ਅਕਤੂਬਰ ੧੯੮੮ ... ਰਵਾਰ ਤਕ

| | ਸਵੇਰੇ | ਸ਼ਾਮ |
|---|---|---|
| ੧੭-੧੦-੮੮ | ਗੁਰਦੁਆਰਾ ਸੀਸ ਗੰਜ ਸਾਹਿਬ, ਚਾਂਦਨੀ ਚੌਕ | ਗੁਰਦੁਆਰਾ ਬੰਗਲਾ ਸਾਹਿਬ, ਨਵੀਂ ਦਿਲੀ |
| ੧੮-੧੦-੮੮ | ਗੁਰਦੁਆਰਾ ਬੰਗਲਾ ਸਾਹਿਬ ਨਵੀਂ ਦਿਲੀ | ,, ਬੰਗਲਾ ਸਾਹਿਬ ,, |
| ੧੯-੧੦-੮੮ | ,, ਬੰਗਲਾ ਸਾਹਿਬ ,, | ਰੈਣ ਸਬਾਈ ਗੁਰਦੁਆਰਾ ਰਕਾਬਗੰਜ ਹਾਲ ਵਿਚ |

ਅੰਮ੍ਰਿਤ ਸਿੰਚਾਰ ੧੯ ਅਕਤੂਬਰ ਸ਼ਾਮ ੪ ਵਜੇ ਗੁ: ਰਕਾਬਗੰਜ (੨੦ ਅਕਤੂਬਰ ਸਵੇਰੇ ਸਮਾਪਤੀ)

ਰਿਹਾਇਸ਼ ਤੇ ਲੰਗਰ—ਗੁਰੂ ਤੇਗ ਬਹਾਦਰ ਖਾ: ਹਾ: ਸੈਕੰਡਰੀ ਸਕੂਲ, ਦੇਵ ਨਗਰ, ਕਰੋਲ ਬਾਗ, ਨਵੀਂ ਦਿਲੀ

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜਥਾ ਦਿਲੀ

## ਮੋਗਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

੩ ਨਵੰਬਰ ਸਵੇਰੇ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ ਖਾਲਸਾ ਸਕੂਲ, ਸ਼ਾਮ ਗੁ: ਗੁਰੂ ਤੇਗ ਬਹਾਦਰ ਦੁਸਾਂਝ ਰੋਡ, ੪ ਨਵੰਬਰ ਸਵੇਰੇ ਗੁਰਦਵਾਰਾ ਬਾਬਾ ਮੱਲ ਸਿੰਘ ਜੀ ਪੁਰਾਣਾ ਮੋਗਾ, ਸ਼ਾਮ ਗੁਰਦਵਾਰਾ ਕਰਤਾਰ ਭਵਨ, ਸਿਵਲ ਲਾਈਨ, ੫ ਨਵੰਬਰ ਸਵੇਰੇ ਭੋਗ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ ਤਕ ਕੀਰਤਨ ਗਰਾਊਂਡ ਗੁਰੂ ਨਾਨਕ ਖਾਲਸਾ ਕਾਲਜ, ਰਾਤ ਨੂੰ ਅੰਮ੍ਰਿਤ ਸਿੰਚਾਰ ਤੇ ਰੈਣ ਸਬਾਈ। ਰਿਹਾਇਸ਼ ਤੇ ਲੰਗਰ ਖਾਲਸਾ ਸਕੂਲ/ਕਾਲਜ ਵਿਖੇ। ਦਾਸਰੇ : ਅਖੰਡ ਕੀਰਤਨੀ ਜਥਾ ਮੋਗਾ

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਰੈਣ ਸਬਾਈ ਕੀਰਤਨ

(1) 22-10-88 ਸ਼ਨੀਵਾਰ ਰਾਤ ਰੈਣ ਸਬਾਈ—ਰਾਮਗੜ੍ਹੀਆ ਸਿਖ ਟੈਂਪਲ, 1103-ਫੋਲਜ਼ ਹਿਲ, ਕੋਵੈਨਟਰੀ
ਫ਼ੋਨ ਗੁਰਦਵਾਰਾ 0203-663048, ਵਧੇਰੇ ਜਾਣਕਾਰੀ ਲਈ ਸ: ਗੁਰਦੇਵ ਸਿੰਘ ਸੈਕਟਰੀ ਫ਼ੋਨ 0203-683994

(2) 5-11-88 ਸ਼ਨੀਵਾਰ ਰਾਤ ਰੈਣ ਸਬਾਈ—ਗੁਰਦਵਾਰਾ ਸਿਖ ਐਸੋਸੀਏਸ਼ਨ, 12 ਸ਼ੇਰਬੋਰਨ ਸਟਰੀਟ (off Bury New Road, ਮਾਨਚੈਸਟਰ (ਗੁਰਦਵਾਰਾ ਫ਼ੋਨ 061-832-2241)

ਯੂ. ਕੇ. ਵਿਚ ਆਪਣੇ ਚੰਦੇ ਤੇ ਬਕਾਏ ਜਮ੍ਹਾ ਕਰਾਓ

S. Gurnam Singh, 10—Lambourn Gardens, Early, Reading, Berks. U.K.

## ਭਾਈ ਸੁਰੈਣ ਸਿੰਘ ਜੀ ਚੜ੍ਹਾਈਆਂ ਕਰ ਗਏ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਨਿਕਟ-ਵਰਤੀ ਭਾਈ ਸੁਰੈਣ ਸਿੰਘ ਜੀ ਸਰਬ-ਲੋਹੀਏ ਮਿਤੀ ੪-੯-੮੮ ਨੂੰ ਪਟਿਆਲਾ ਵਿਖੇ ਚੜ੍ਹਾਈਆਂ ਕਰ ਗਏ। ਉਨ੍ਹਾਂ ਦੇ ਨਮਿਤ ੧੧-੯-੮੮ ਨੂੰ ਗੁਰਦਵਾਰਾ ਇੰਦਰਪੁਰੀ ਕਾਲੋਨੀ ਪਟਿਆਲਾ ਵਿਖੇ ਸ੍ਰੀ ਅਖੰਡਪਾਠ ਦੇ ਭੋਗ ਪਾਏ ਗਏ। ਵਿਛੜੀ ਰੂਹ ਨਮਿਤ ੪ ਸਤੰਬਰ ਅਤੇ ੧੧ ਸਤੰਬਰ ਨੂੰ ਖ਼ੂਬ ਗਹਿਗਡਵੇਂ ਕੀਰਤਨ ਦੁਪਹਿਰ ਪਿਛੋਂ ਤਕ ਹੁੰਦੇ ਰਹੇ ਅਤੇ ਗੁਰੂ ਪਿਆਰੇ ਗੁਰੂ-ਚਰਨਾਂ ਵਿਚ ਜੁੜ ਕੇ ਗੁਰਬਾਣੀ ਰਾਹੀਂ ਅਸੀਸੜੀਆਂ ਦੇਂਦੇ ਰਹੇ।

ਸੂਰਾ ਮਾਸਕ ਪੱਤਰ ਦੀ ਚੜ੍ਹਦੀ ਕਲਾ ਲਈ
ਦੋ ਦੋ ਨਵੇਂ ਮੈਂਬਰ ਬਣਾ ਕੇ ਹੱਥ ਵਟਾਓ ਜੀ

ਮਨੀਆਰਡਰ ਤੇ ਬੈਂਕ ਡਰਾਫਟ ਆਦਿ ਭੇਜਣ ਦਾ ਪਤਾ--

**Sura Monthly, Bazar Mai Sewan, Amritsar**

www.AKJ.Org